# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 47 SATURDAY, 20 NOVEMBER, 2021

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਬੀ.ਸੀ.'ਚ ਹੜ੍ਹਾਂ ਨੇ ਮਚਾਈ ਤਬਾਹੀ-ਐਮਰਜੈਂਸੀ ਲਾਗੂ

## ਕੇਂਦਰ ਤੋਂ ਫੌਜੀ ਮਦਦ ਮੰਗੀ; ਸਰਕਾਰ ਨੇ ਹੜ੍ਹ ਪੀੜਤਾਂ ਦੇ ਬਚਾਅ ਤੇ ਮੁੜਵਸੇਬੇ ਲਈ ਕੁਝ ਵੀ ਕਰਨ ਦੇ ਹੱਕ ਰਾਖਵੇਂ ਕੀਤੇ

ਵੈਨਕੂਵਰ-ਕੈਨੇਡਾ ਦੇ ਹੜ੍ਹ ਪੀੜਤ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਅੱਜ ਸੂਬੇ ਵਿਚ ਐਮਰਜੈਂਸੀ ਦਾ ਐਲਾਨ ਕਰਕੇ ਹੜ੍ਹ ਪੀੜਤਾਂ ਦੇ ਬਚਾਅ ਅਤੇ ਪੁਨਰਵਾਸ ਲਈ ਕੁਝ ਵੀ ਕਰ ਸਕਣ ਦੇ ਕਾਨੂੰਨੀ ਹੱਕ ਹਾਸਲ ਕਰ ਲਏ ਹਨ। ਸਰਕਾਰ ਨੇ ਬਚਾਅ ਕੰਮਾਂ ਲਈ ਕੇਂਦਰ ਤੋਂ ਫੌਜੀ ਮਦਦ ਦੀ ਮੰਗ ਵੀ ਕੀਤੀ ਹੈ। ਸੂਬੇ ਦੇ ਪ੍ਰੀਮੀਅਰ (ਮੁੱਖ ਮੰਤਰੀ) ਨੇ ਮੰਤਰੀ ਮੰਡਲ ਦੀ ਸਹਿਮਤੀ ਲੈ ਕੇ ਅੱਜ ਐਮਰਜੈਂਸੀ ਦਾ ਐਲਾਨ ਕੀਤਾ। ਹੁਣ ਸਰਕਾਰ ਨੇ ਪੀੜਤਾਂ ਦੇ ਬਚਾਅ ਅਤੇ ਮੁੜਵਸੇਬੇ ਲਈ ਕਾਨੂੰਨੀ ਬੰਦਸ਼ਾਂ ਦੀ ਛੋਟ ਲੈ ਲਈ ਹੈ। ਸੂਬੇ ਦੇ ਦੱਖਣੀ ਖੇਤਰ ਦੇ ਕਈ ਇਲਾਕੇ ਹਾਲੇ ਵੀ ਹੜ੍ਹ ਦੀ ਮਾਰ ਹੇਠ ਹਨ। ਬੇਸ਼ੱਕ ਮੌਸਮੀ ਪ੍ਰਕੋਪ ਘਟ ਗਿਆ ਹੈ, ਪਰ ਕਈ ਇਲਾਕਿਆਂ ਵਿੱਚ ਪਾਣੀ ਦੇ ਤੇਜ਼ ਵਹਾਅ ਵਿਚ ਫਰਕ ਨਹੀਂ ਆਇਆ ਤੇ ਨੀਵੇਂ ਖੇਤਰ ਪਾਣੀ ਦੀ ਮਾਰ ਹੇਠ ਹਨ। ਸਰਕਾਰ ਵਲੋਂ ਲੋਕਾਂ ਨੂੰ ਗ਼ੈਰਜ਼ਰੂਰੀ ਸਫਰ ਕਰਨ ਤੋਂ ਮਨ੍ਹਾਂ ਕੀਤਾ ਜਾ ਰਿਹਾ ਹੈ। ਮੈਰਿਟ, ਪਰਿੰਸਟਨ ਤੇ ਫਰੇਜ਼ਰ ਘਾਟੀ ਖੇਤਰ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਐਬਟਫੋਰਡ ਅਤੇ ਹੋਪ ਖੇਤਰ ਦੇ ਕਈ ਇਲਾਕੇ ਅਜੇ ਵੀ ਪਾਣੀ ਹੇਠ ਡੁੱਬੇ ਹੋਏ ਹਨ ਤੇ ਸੜਕੀ ਸੰਪਰਕ ਤੋਂ ਵਾਂਝੇ ਹਨ। ਬੇਸ਼ੱਕ ਸਰਕਾਰ ਵੱਲੋਂ ਬਚਾਅ ਕਾਰਜ ਜੰਗੀ ਪੱਧਰ ਤੇ ਜਾਰੀ ਹਨ, ਪਰ ਕੁਝ ਲੋਕ ਕਿਰਾਏ ਦੇ ਹੈਲੀਕਾਪਟਰਾਂ ਰਾਹੀਂ ਸੁਰੱਖਿਅਤ ਥਾਵਾਂ ਤੇ ਪਹੁੰਚ ਰਹੇ ਹਨ।



ਢਿੱਗਾਂ ਡਿੱਗਣ ਕਾਰਨ ਬੰਦ ਹੋਈਆਂ ਕੁਝ ਸੜਕਾਂ ਸਾਫ਼ ਕਰਕੇ ਆਵਾਜਾਈ ਲਈ ਖੋਲ੍ਹ ਦਿੱਤੀਆਂ ਗਈਆਂ ਹਨ। ਸਮਾਜ ਸੇਵੀਆਂ ਵੱਲੋਂ ਹੜ੍ਹ ਪੀੜਤਾਂ ਲਈ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਗੁਰਦੁਆਰਾ ਦੂਖ ਨਿਵਾਰਨ ਸਰੀ ਕਮੇਟੀ ਵੱਲੋਂ ਵੱਡੇ ਪੱਧਰ ਤੇ ਲੰਗਰ ਸੇਵਾ ਸ਼ੁਰੂ ਕੀਤੀ ਗਈ ਹੈ ਅਤੇ ਉਥੋਂ ਤਿਆਰ ਲੰਗਰ ਹੈਲੀਕਾਪਟਰਾਂ ਰਾਹੀਂ ਲੋੜਵੰਦਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸੇ ਦੌਰਾਨ ਸੜਕਾਂ ਤੇ ਫਸੇ ਲੋਕਾਂ ਵਿੱਚੋਂ ਇੱਕ ਔਰਤ ਦੀ ਮੌਤ ਦੀ ਪੁਸ਼ਟੀ ਹੋਈ ਹੈ, ਪਰ ਸਰਕਾਰ ਦਾ ਮੰਨਣਾ ਹੈ ਕਿ ਮੌਤਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ। ਕਈ ਥਾਵਾਂ ਤੇ ਸੰਚਾਰ ਸੇਵਾ ਬੰਦ ਹੈ। ਬਿਜਲੀ ਵਿਭਾਗ ਨੇ ਸੇਵਾਵਾਂ ਬਹਾਲ ਕਰਨ ਲਈ ਹਜ਼ਾਰ ਤੋਂ ਵੱਧ ਆਰਜ਼ੀ ਕਾਮੇ ਵੀ ਲਾਏ ਗਏ ਹਨ। ਸਰਕਾਰ ਵੱਲੋਂ ਵਿਭਾਗਾਂ ਨੂੰ ਕਿਸਾਨਾਂ ਦੇ ਹੋਏ ਫਸਲੀ ਨੁਕਸਾਨ ਦੇ ਮੁਲਾਂਕਣ ਲਈ ਵੀ ਕਹਿ ਦਿੱਤਾ ਗਿਆ ਹੈ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟਿਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#116-8028 128 St (Little India Plaza), Surrey



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟਿਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S | T
& | A
Simpson, Thomas
& Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated
BBB
ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

## Translation Services Available
STA has support staff fluent in Punjabi, Hindi and Gujarati.

## Your Needs Come First
If mobility is a challenge, we can come to you.



Adam Ueland
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 47 SATURDAY, 20 NOVEMBER, 2021
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


# ਮੋਦੀ ਨੇ ਦੇਸ਼ ਤੋਂ ਮੁਆਫ਼ੀ ਮੰਗਦਿਆਂ ਖੇਤੀ ਕਾਨੂੰਨ ਵਾਪਸ ਲੈਣ ਦਾ ਕੀਤਾ ਐਲਾਨ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਰਕਾਰ ਤਿੰਨ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਬਾਰੇ ਆਪਣੀ ਸਰਕਾਰ ਦੇ ਪੈਰ ਪਿੱਛੇ ਖਿੱਚ ਲਏ। ਉਨ੍ਹਾਂ ਦੇਸ਼ ਤੋਂ 'ਮੁਆਫੀ ਮੰਗਦਿਆਂ ਕਾਨੂੰਨਾਂ ਨੂੰ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨਾਲ ਸਬੰਧਤ ਮੁੱਦਿਆਂ ਦੀ ਘੋਖ ਕਰਨ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੌਮ ਦੇ ਨਾਂ ਸੰਦੇਸ਼ ਵਿੱਚ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਸੰਵਿਧਾਨਕ ਪ੍ਰਕਿਰਿਆ ਸੰਸਦ ਦੇ ਆਉਣ ਵਾਲੇ ਸਰਦ ਰੁੱਤ ਸੈਸ਼ਨ ਦੌਰਾਨ ਪੂਰੀ ਕਰ ਲਈ ਜਾਵੇਗੀ। ਉਨ੍ਹਾਂ ਕਿਹਾ, "ਅੱਜ ਦੇਸ਼ ਵਾਸੀਆਂ ਤੋਂ ਮੁਆਫੀ ਮੰਗਦੇ ਹੋਏ ਮੈਂ ਸੱਚੇ ਮਨ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਸਾਡੀ ਤਪੱਸਿਆ 'ਚ ਕੋਈ ਕਮੀ ਰਹਿ ਗਈ ਹੋਵੇਗੀ, ਜਿਸ ਕਾਰਨ ਦੀਵੇ ਦੇ ਪ੍ਰਕਾਸ਼ ਵਰਗੇ ਸੱਚ ਨੂੰ ਅਸੀਂ ਕੁਝ ਕਿਸਾਨ ਭਰਾਵਾਂ ਨੂੰ ਸਮਝਾ ਨਹੀਂ ਸਕੇ। ਮੇਰੀ ਅਪੀਲ ਹੈ ਕਿ ਦਿੱਲੀ ਦੀਆਂ ਸਰਹੱਦਾਂ ਤੇ ਅੰਦੋਲਨ ਕਰ ਰਹੇ ਕਿਸਾਨ ਘਰਾਂ ਨੂੰ ਪਰਤ ਜਾਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ



ਨੇ ਕਿਸਾਨਾਂ, ਖਾਸ ਤੌਰ 'ਤੇ ਛੋਟੇ ਕਿਸਾਨਾਂ, ਖੇਤੀਬਾੜੀ ਖੇਤਰ ਦੇ ਹਿੱਤ ਅਤੇ ਪਿੰਡ ਅਤੇ ਗਰੀਬਾਂ ਦੇ ਸੁਨਹਿਰੇ ਭਵਿੱਖ ਲਈ ਪੂਰੀ ਸਚਾਈ ਤੇ ਨੇਕ ਇਰਾਦੇ ਨਾਲ ਤਿੰਨੋਂ ਕਾਨੂੰਨ ਲਿਆਂਦੇ ਸਨ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਕਿਸਾਨਾਂ ਨੂੰ ਮਨਾ ਨਹੀਂ ਸਕਿਆ। ਉਨ੍ਹਾਂ ਕਿਹਾ ਕਿ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਹੈ। ਇਹ ਕਿਸੇ ਨੂੰ ਦੋਸ਼ੀ ਠਹਿਰਾਉਣ ਦਾ ਸਮਾਂ ਨਹੀਂ ਹੈ। ਅੱਜ ਮੈਂ ਤੁਹਾਨੂੰ ਪੂਰੇ ਦੇਸ਼ ਨੂੰ ਇਹ ਦੱਸਣ ਆਇਆ ਹਾਂ ਕਿ ਅਸੀਂ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਇਸ ਮਹੀਨੇ ਦੇ ਅੰਤ ਵਿੱਚ ਸ਼ੁਰੂ ਹੋਣ ਵਾਲੇ ਸੰਸਦ ਦੇ ਸੈਸ਼ਨ ਵਿੱਚ ਅਸੀਂ ਇਨ੍ਹਾਂ ਤਿੰਨਾਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ (ਰੱਦ ਕਰਨ) ਦੀ ਸੰਵਿਧਾਨਕ ਪ੍ਰਕਿਰਿਆ ਨੂੰ ਪੂਰਾ ਕਰਾਂਗੇ। ਪ੍ਰਕਾਸ਼ ਪੁਰਬ ਦਾ ਜ਼ਿਕਰ ਕਰਦਿਆਂ ਉਨ੍ਹਾਂ ਅੰਦੋਲਨਕਾਰੀ ਕਿਸਾਨਾਂ ਨੂੰ ਅਪੀਲ ਕੀਤੀ, "ਹੁਣ ਤੁਸੀਂ ਆਪਣੇ ਘਰਾਂ ਨੂੰ ਪਰਤ ਜਾਓ। ਆਪਣੇ ਖੇਤਾਂ ਵਿੱਚ ਵਾਪਸ ਜਾਓ। ਆਪਣੇ ਪਰਿਵਾਰ ਕੋਲ ਵਾਪਸ ਜਾਓ। ਆਓ ਇੱਕ ਨਵੀਂ ਸ਼ੁਰੂਆਤ ਕਰੀਏ। ਆਓ ਨਵੇਂ ਸਿਰੇ ਤੋਂ ਅੱਗੇ ਵਧੀਏ।


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000<br>WAGES:$24-$28 PER HOUR | HEALTH CARE ASSISTANT $5250<br>WAGES:$17-$26.50 PER HOUR | PHARMACY ASSISTANT $5500<br>WAGES:$19.61-$27.30 PER HOUR | CERTIFIED DENTAL ASSISTANT $14,000<br>WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬ੍ਰਿਟਿਸ਼ ਕੋਲੰਬੀਆ 'ਚ ਹੜ੍ਹਾਂ ਕਾਰਨ ਹਜ਼ਾਰਾਂ ਪਸ਼ੂਆਂ ਦੀ ਮੌਤ-ਸਟੇਟ ਆਫ਼ ਐਮਰਜੈਂਸੀ ਦਾ ਐਲਾਨ

## • ਟਰਾਂਸਪੋਰਟ ਸਮੱਸਿਆ ਕਾਰਨ ਡੇਅਰੀ ਉਤਪਾਦਕ ਦੁੱਧ ਡੋਲ੍ਹਣ ਲਈ ਮਜ਼ਬੂਰ

## • ਖਾਲਸਾ ਏਡ ਅਤੇ ਪੰਜਾਬੀ ਭਾਈਚਾਰਾ ਬਿਪਤਾ ਵਿਚ ਘਿਰੇ ਲੋਕਾਂ ਦੀ ਮਦਦ ਵਿਚ ਜੁਟਿਆ






ਸਰੀ (ਹਰਦਮ ਮਾਨ)-ਬ੍ਰਿਟਿਸ਼ ਕੋਲੰਬੀਆ ਵਿਚ ਆਏ ਹੜ੍ਹਾਂ ਕਾਰਨ ਹਜ਼ਾਰਾਂ ਪਸ਼ੂਆਂ ਦੀ ਮੌਤ ਹੋ ਗਈ ਹੈ। ਬੀ ਸੀ। ਦੀ ਐਗਰੀਕਲਚਰ ਮੰਤਰੀ ਲਾਨਾ ਪੌਪਹਮ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਹੜ੍ਹ ਕਾਰਨ ਸਾਰੇ ਕਿਸਾਨਾਂ ਕੋਲ ਏਨਾ ਸਮਾਂ ਜਾਂ ਸਾਧਨ ਨਹੀਂ ਸਨ ਕਿ ਉਹ ਆਪਣੇ ਪਸ਼ੂਆਂ ਨੂੰ ਬਚਾ ਕੇ ਪਾਣੀ ਵਿੱਚੋਂ ਕੱਢ ਲਿਆਉਂਦੇ। ਤੇਜ਼ੀ ਨਾਲ ਵਧੇ ਪਾਣੀ ਦੇ ਪੱਧਰ ਕਾਰਨ ਕਈ ਥਾਵਾਂ 'ਤੇ ਲੋਕਾਂ ਨੂੰ ਆਪਣੇ ਪਾਲਤੂ ਪਸ਼ੂਆਂ ਨੂੰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਲਈ ਮਜ਼ਬੂਰ ਹੋਣਾ ਪਿਆ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਭਾਵਿਤ ਇਲਾਕਿਆਂ ਵਿਚ ਜਿਹੜੇ ਪਸ਼ੂ ਬਚਾਏ ਗਏ ਹਨ, ਉਨ੍ਹਾਂ ਨੂੰ ਡਾਕਟਰੀ ਮਦਦ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬੇ ਦੇ ਖੇਤੀਬਾੜੀ ਖੇਤਰ, ਖਾਸ ਕਰ ਫਰੇਜ਼ਰ ਵੈਲੀ ਲਈ ਇਹ ਬਹੁਤ ਮੁਸੀਬਤ ਭਰਿਆ ਸਮਾਂ ਹੈ। ਦੋ ਦਿਨ ਪਏ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਹਜਾਰਾਂ ਪਸ਼ੂਆਂ ਦੀ ਜਾਨ ਚਲੀ ਗਈ ਹੈ ਅਤੇ ਹਜਾਰਾਂ ਪਸ਼ੂ ਮੁਸੀਬਤ ਵਿੱਚ ਫਸੇ ਹੋਏ ਹਨ। ਬੀ. ਸੀ. ਵਿਚ ਸਟੇਟ ਆਫ ਐਮਰਜੈਂਸੀ ਐਲਾਨੀ ਜਾ ਚੁੱਕੀ ਹੈ। ਬੀ. ਸੀ. ਦੇ ਪਬਲਿਕ ਸੇਫਟੀ ਮੰਤਰੀ ਅਤੇ ਸੌਲੀਸਿਟਰ ਜਨਰਲ, ਮਾਈਕ ਫਾਰਨਵਰਥ ਨੇ ਕਿਹਾ ਹੈ ਕਿ ਸਟੇਟ ਆਫ ਐਮਰਜੈਂਸੀ ਐਲਾਨੇ ਜਾਣ ਤੋਂ ਬਾਅਦ ਪ੍ਰਭਾਵਿਤ ਲੋਕਾਂ ਤਕ ਖਾਣਾ, ਪਾਣੀ ਅਤੇ ਜ਼ਰੂਰੀ ਸਮਗਰੀ ਦੀ ਸਪਲਾਈ ਨੂੰ ਜਾਰੀ ਰੱਖਣਾ ਸਾਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਸੈਂਕੜੇ ਲੋਕਾਂ ਨੂੰ ਆਪਣਾ ਘਰ ਬਾਰ ਛੱਡ ਕੇ ਹੋਰਨਾਂ ਥਾਵਾਂ ਤੇ ਸ਼ਰਨ ਲੈਣ ਲਈ ਮਜ਼ਬੂਰ ਹੋਣਾ ਪਿਆ ਹੈ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਗੈਰ-ਜਰੂਰੀ ਯਾਤਰਾ ਤੋਂ ਗੁਰੇਜ਼ ਕਰਨ ਦੀ ਅਪਲ ਕੀਤੀ ਹੈ। ਇਸੇ ਦੌਰਾਨ ਬੀ. ਸੀ. ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਡੇਅਰੀ ਫਾਰਮਰਸ ਨੂੰ ਪਸ਼ੂਆਂ ਦਾ ਦੁੱਧ ਡੋਲ੍ਹ ਜਾਂ ਨਸ਼ਟ ਕਰ ਦੇਣ ਲਈ ਕਿਹਾ ਗਿਆ ਹੈ ਕਿਉਂਕਿ ਸਾਰੇ ਰਸਤੇ ਬੰਦ ਹੋਣ ਕਾਰਨ ਇਸ ਦੁੱਧ ਨੂੰ ਟਰਾਂਸਪੋਰਟ ਕਰਨਾ ਮੁਸ਼ਕਿਲ ਹੋ ਗਿਆ ਹੈ। ਕਈ ਡੇਅਰੀ ਉਤਪਾਦਕਾਂ ਲਈ ਆਪਣੇ ਫਾਰਮ ਤਕ ਪਹੁੰਚਣ ਦਾ ਕੋਈ ਸੜਕੀ ਰਸਤਾ ਉਪਲਬਧ ਨਹੀਂ ਹੈ। ਕਈ ਥਾਵਾਂ 'ਤੇ ਜਿੱਥੇ ਫਾਰਮ ਤੋਂ ਦੁੱਧ ਇਕੱਠਾ ਕੀਤਾ ਜਾ ਸਕਦਾ ਹੈ ਉੱਥੇ ਇਸ ਨੂੰ ਕਿਸੇ ਟਿਕਾਣੇ ਪਹੁੰਚਾਉਣ ਦੇ ਸਾਧਨ ਉਪਲਬਧ ਨਹੀਂ ਹਨ। ਬੀ. ਸੀ. ਮਿਲਕ ਮਾਰਕੀਟਿੰਗ ਬੋਰਡ ਵੱਲੋਂ ਐਬਟਸਫੋਰਡ, ਚਿਲਿਵੈਕ ਅਤੇ ਬੀ. ਸੀ. ਦੇ ਇੰਟੀਰੀਅਰ ਇਲਾਕੇ ਵਿੱਚ ਦੁੱਧ ਉਤਪਾਦਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਦੁੱਧ ਨੂੰ ਡੰਪ ਕਰ ਦੇਣ।

ਇਸੇ ਦੌਰਾਨ ਹੜ੍ਹ ਪੀੜਤਾਂ ਦੀ ਮਦਦ ਲਈ ਸਰੀ, ਐਬਟਸਫੋਰਡ ਅਤੇ ਹੋਰ ਥਾਵਾਂ ਤੋਂ ਵੱਖ ਵੱਖ ਭਾਈਚਾਰਿਆਂ ਦੇ ਲੋਕ ਅੱਗੇ ਆਏ ਹਨ ਅਤੇ ਰਸਤਿਆਂ ਦੇ ਕੱਟ ਜਾਣ ਕਾਰਨ ਰਾਹਾਂ ਵਿਚ ਫਸੇ ਲੋਕਾਂ ਦੇ ਖਾਣ ਪੀਣ, ਕੰਬਲ ਆਦਿ ਦਾ ਪ੍ਰਬੰਧ ਕਰਕੇ ਹੈਲੀਕਾਪਟਰਾਂ ਰਾਹੀਂ ਪੀੜਤ ਲੋਕਾਂ ਤੱਕ ਪੁਚਾਇਆ ਜਾ ਰਿਹਾ ਹੈ। ਖਾਲਸਾ ਏਡ ਅਤੇ ਪੰਜਾਬੀ ਭਾਈਚਾਰਾ ਵੀ ਹਮੇਸ਼ਾਂ ਵਾਂਗ ਇਸ ਬਿਪਤਾ ਵਿਚ ਘਿਰੇ ਲੋਕਾਂ ਦੀ ਹਰ ਤਰ੍ਹਾ ਮਦਦ ਕਰਨ ਵਿਚ ਜੁਟਿਆ ਹੋਇਆ ਹੈ। ਸਰੀ ਦੇ ਪੰਜਾਬੀ ਭਾਈਚਾਰੇ ਵੱਲੋਂ ਤਿੰਨ ਹਜਾਰ ਖਾਣੇ ਦੇ ਪੈਕਟ ਤਿਆਰ ਕਰਕੇ ਪੀੜਤਾਂ ਤੱਕ ਪੁਚਾਏ ਗਏ ਹਨ।

MORTGAGE

If you are paying more than

1.30%*

(5 Years VIRM 30 Years Ammortization)

Call us NOW to Lower your Rate!

Raj Gill has "NO STRESS MORTGAGE"

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca





JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

BBB ACCREDITED BUSINESS
An Independent Insurance Broker Covers You Best

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available







# ਮੁੱਖ ਮੰਤਰੀ ਚੰਨੀ ਮੰਤਰੀ ਮੰਡਲ ਨਾਲ ਕਰਤਾਰਪੁਰ ਸਾਹਿਬ ਹੋਏ ਨਤਮਸਤਕ

## ਕਰਤਾਰਪੁਰ ਲਾਂਘੇ ਤੱਕ ਆਉਣ ਵਾਲੇ ਸ਼ਰਧਾਲੂਆਂ ਲਈ ਮੁ.ਫਤ ਬੱਸਾਂ ਚਲਾਉਣ ਦਾ ਐਲਾਨ

ਡੇਰਾ ਬਾਬਾ ਨਾਨਕ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ ਮੰਤਰੀ ਮੰਡਲ ਅਤੇ ਪਰਿਵਾਰਕ ਮੈਂਬਰਾਂ ਸਮੇਤ 30 ਲੋਕਾਂ ਨਾਲ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਸ਼ਾਮ ਨੂੰ ਪਰਤੇ ਮੁੱਖ ਮੰਤਰੀ ਚੰਨੀ ਨੇ ਲਾਂਘੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕਾਂ ਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਅਤੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੂਰਬ ਦੀ ਵਧਾਈ ਦਿੱਤੀ.ਗ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਤੇ ਇਮਰਾਨ ਖਾਨ ਦਾ ਵੀ ਲਾਂਘਾ ਖੋਲ੍ਹਣ ਲਈ ਧੰਨਵਾਦ ਕੀਤਾ। ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੁੱਲ੍ਹਣ ਨੂੰ ਇਤਿਹਾਸਕ ਪਲ ਕਰਾਰ ਦਿੰਦੇ ਹੋਏ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਹ ਬਹੁਤ ਖੁਸ਼ਨੁਮਾ ਮੌਕਾ ਹੈ ਕਿਉਂਕਿ ਇਹ ਲਾਂਘਾ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸਹੂਲਤ ਪ੍ਰਦਾਨ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸਿੱਖ ਸੰਗਤ ਵੱਲੋਂ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਅਰਦਾਸਾਂ ਪੂਰੀਆਂ ਹੋਈਆਂ ਹਨ ਅਤੇ ਹੁਣ ਉਹ ਬਿਨਾਂ ਕਿਸੇ ਰੁਕਾਵਟ ਤੋਂ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਸਕਦੇ ਹਨ। ਉਨ੍ਹਾਂ ਇਸ ਮੌਕੇ ਐਲਾਨ ਕੀਤਾ ਕਿ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਪੰਜਾਬ ਸਰਕਾਰ ਵੱਲੋਂ ਮੁਫ਼ਤ ਬੱਸਾਂ ਚਲਾਈਆਂ ਜਾਣਗੀਆਂ ਤਾਂ ਜੋ ਹਰ ਕੋਈ ਆਸਾਨੀ ਨਾਲ ਕਰਤਾਰਪੁਰ ਲਾਂਘੇ ਤੱਕ ਪਹੁੰਚ ਸਕੇ। ਉਨ੍ਹਾਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਵੇਂ ਲਾਂਘਾ ਖੋਲ੍ਹਿਆ ਗਿਆ ਹੈ, ਉਸੇ ਤਰ੍ਹਾਂ ਦੋਵਾਂ ਮੁਲਕਾਂ ਵਿਚਾਲੇ ਬੰਦ ਪਿਆ ਵਪਾਰ ਵੀ ਮੁੜ ਸ਼ੁਰੂ ਕੀਤਾ ਜਾਵੇ ਤਾਂ ਜੋ ਆਪਸੀ ਸਾਂਝ ਹੋਰ ਮਜ਼ਬੂਤ ਹੋ ਸਕੇ.ਗ ਉਨ੍ਹਾਂ ਕੇਂਦਰ ਸਰਕਾਰ ਅਤੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਜੋ ਵੀ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ, ਉਨ੍ਹਾਂ ਨੂੰ ਦਰਸ਼ਨਾਂ ਲਈ ਜਾਣ ਵਾਸਤੇ ਸ਼ਰਤਾਂ ਵਿੱਚ ਛੋਟ ਮਿਲਣੀ ਚਾਹੀਦੀ ਹੈ। ਉਨ੍ਹਾਂ ਪਾਕਿਸਤਾਨ ਸਰਕਾਰ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸੰਗਤਾਂ ਵੱਲੋਂ ਮਿਲੇ ਪਿਆਰ ਤੇ ਸਤਿਕਾਰ ਨੂੰ ਯਾਦਗਾਰੀ ਦੱਸਿਆ। ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਹੈ ਕਿ ਉਹ ਦੂਜੀ ਵਾਰ ਕਰਤਾਰਪੁਰ ਸਾਹਿਬ ਆਪਣੇ ਪਰਿਵਾਰ ਸਮੇਤ ਜਾ ਰਹੇ ਹਨ.ਗ ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਦਿੱਤੀ ਗਈ ਮਨਜ਼ੂਰੀ ਤਹਿਤ ਪੰਜਾਬ ਸਰਕਾਰ ਦੇ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਉਂਦੇ ਦਿਨੀਂ ਪੜਾਅ ਵਾਰ ਕਰਤਾਰਪੁਰ ਸਾਹਿਬ ਜਾਣਗੇ.ਗ ਇਸ ਤੋਂ ਪਹਿਲਾਂ ਦਿਨੇ ਜ਼ੀਰੋ ਲਾਈਨ ਤੇ ਲੈਂਡ ਪੋਰਟ ਆਫ ਅਥਾਰਟੀ ਦੇ ਉੱਚ ਅਧਿਕਾਰੀਆਂ ਨੇ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨਾਲ ਮਨਪ੍ਰੀਤ ਸਿੰਘ ਬਾਦਲ, ਰਾਣਾ ਗੁਰਜੀਤ ਸਿੰਘ, ਮਹਿੰਦਰ ਸਿੰਘ ਕੇਪੀ, ਹਰਪ੍ਰਤਾਪ ਸਿੰਘ ਅਜਨਾਲਾ, ਬਰਿੰਦਰਮੀਤ ਸਿੰਘ ਪਾਹੜਾ ਵੀ ਸਨ।



ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.
Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

# ਕਿਸਾਨ ਅੰਦੋਲਨ ਦਾ ਇਕ ਵਰ੍ਹਾ ਤੇ ਸਿਆਸੀ ਖਿਚੋਤਾਣ...

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਵਿਚ ਮੋਦੀ ਸਰਕਾਰ ਵਲੋ ਲਿਆਂਦੇ ਗਏ ਤਿੰਨ ਕਾਲੇ ਖੇਤੀ ਕਨੂੰਨਾਂ ਖਿਲਾਫ ਕਿਸਾਨ ਸੰਘਰਸ਼ ਵਰ੍ਹਾ ਪੂਰਾ ਚੁੱਕਾ ਹੈ। ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਖੇਤੀ ਕਨੂੰਨਾਂ ਨੂੰ ਰੱਦ ਕਰਨ ਲਈ ਤਿਆਰ ਨਹੀ। ਇਹ ਇਹਨਾਂ ਕਨੂੰਨਾਂ ਨੂੰ ਕਿਸਾਨਾਂ ਦੇ ਹਿੱਤੂ ਕਰਾਰ ਦਿੰਦੀ ਹੋਈ ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਵਿਉਂਤਾ ਗੁੰਦ ਰਹੀ ਹੈ। ਆਮ ਲੋਕਾਂ ਦੇ ਮਨਾਂ ਵਿਚ ਸਰਕਾਰ ਦੇ ਕਿਸਾਨ ਅੰਦੋਲਨ ਪ੍ਰਤੀ ਇਸੇ ਵਤੀਰੇ ਨੂੰ ਲੈਕੇ ਰੋਸ ਹੈ ਪਰ ਸ਼ਾਇਦ ਸੱਚਾਈ ਕੁਝ ਹੋਰ ਹੈ। ਇਹ ਨਹੀ ਕਿ ਸਰਕਾਰ ਨੂੰ ਕਿਸਾਨ ਅੰਦੋਲਨ ਦੀ ਕੋਈ ਪ੍ਰਵਾਹ ਨਹੀ ਹੈ ਬਲਕਿ ਇਹ ਹੈ ਕਿ ਸਰਕਾਰ ਇਸ ਮੌਕੇ ਦੀ ਤਲਾਸ਼ ਵਿਚ ਇਸ ਅੰਦੋਲਨ ਨੂੰ ਆਗਾਮੀ ਸੂਬਾਈ ਚੋਣਾਂ ਦੌਰਾਨ ਭਾਜਪਾ ਜਾਂ ਭਾਈਵਾਲ ਪਾਰਟੀਆਂ ਦੇ ਹਿੱਤ ਵਿਚ ਕਿਵੇਂ ਭੁਗਤਾਇਆ ਜਾ ਸਕਦਾ ਹੈ। ਸਰਕਾਰ ਮੌਕੇ ਦੀ ਤਲਾਸ਼ ਵਿਚ ਹੈ। ਭਾਜਪਾ ਲਈ ਬਹੁਤ ਹੀ ਮਹੱਤਵਪੂਰਣ ਸੂਬੇ ਯੂ ਪੀ, ਹਰਿਆਣਾ ਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਨੇੜੇ ਆਉਂਦਿਆਂ ਵੇਖਕੇ ਲੁਕਵੀ ਰਣਨੀਤੀ ਉਪਰ ਕੀਤਾ ਜਾ ਰਿਹਾ ਹੋ ਸਕਦਾ ਹੈ ਪਰ ਇਸ ਦੌਰਾਨ ਕਿਸਾਨ ਯੂਨੀਅਨਾਂ ਵਿਚ ਸ਼ਾਮਿਲ ਕੁਝ ਮੋਹਰੀ ਆਗੂਆਂ ਦਾ ਜ਼ਾਹਰਾ ਵਿਵਹਾਰ ਚਿੰਤਾ ਵਾਲਾ ਹੈ। ਜਿਵੇ ਜਿਵੇ ਵਿਧਾਨ ਸਭਾ ਚੋਣਾ ਦਾ ਸਮਾਂ ਨੇੜੇ ਆ ਰਿਹਾ ਹੈ ਤਾਂ ਕਿਸਾਨਾਂ ਨਾਲ ਸਿਆਸੀ ਧਿਰਾਂ ਦੇ ਟਕਰਾਅ ਦੀਆਂ ਘਟਨਾਵਾਂ ਵਿਚ ਵੀ ਵਾਧਾ ਹੋਣ ਲੱਗਾ ਹੈ। ਪੰਜਾਬ, ਹਰਿਆਣਾ ਅਤੇ ਪੱਛਮੀ ਯੂ ਪੀ ਵਿਚ ਭਾਜਪਾ ਦੇ ਆਗੂਆਂ ਦਾ ਘਿਰਾਓ ਕਰਨ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤਾ ਸੱਦਾ ਅਮਲ ਵਿਚ ਹੈ ਪਰ ਇਸ ਦੌਰਾਨ ਕਿਸਾਨ ਅੰਦੋਲਨ ਦਾ ਸਮਰਥਨ ਕਰ ਰਹੀਆਂ ਸਿਆਸੀ ਪਾਰਟੀਆਂ ਵੀ ਨਿਸ਼ਾਨੇ ਤੇ ਆਉਣ ਕਾਰਣ ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਹਰਿਆਣਾ ਦੇ ਜਿਲਾ ਕਰਨਾਲ ਵਿਚ ਐੱਸ ਡੀ ਐਮ ਦੀ ਕਿਸਾਨਾਂ ਦਾ ਸਿਰ ਭੰਨਣ ਦੇਣ ਦੀਆਂ ਹਦਾਇਤਾਂ ਵਾਲੀ ਵੀਡੀਓ ਵਾਇਰਲ ਹੋਣ ਅਤੇ ਇਸ ਪਿੱਛੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਆਪਣੇ ਸਮਰਥਕਾਂ ਨੂੰ ਡਾਗਾਂ ਚੁੱਕਣ ਦੀ ਨਸੀਹਤ ਸੱਤਾਧਾਰੀ ਧਿਰ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਰਹੀਆਂ ਹਨ। ਲਖੀਮਪੁਰ ਖੀਰੀ ਵਿਖੇ ਨਿਰਦੋਸ਼ ਕਿਸਾਨਾਂ ਉੱਤੇ ਮੰਤਰੀ ਦੀ ਚੜ੍ਹੀ ਗੱਡੀ ਨੇ ਸੱਤਾ ਦੇ ਕਰੂਪ ਚਿਹਰੇ ਨੂੰ ਨੰਗਾ ਕਰ ਦਿੱਤਾ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਭਾਵੇਂ ਇਹ ਕਹਿੰਦਾ ਰਿਹਾ ਕਿ ਉਸ ਦਾ ਪੁੱਤਰ ਆਸ਼ੀਸ਼ ਮਿਸ਼ਰਾ ਘਟਨਾ ਵਾਲੀ ਥਾਂ ਉੱਤੇ ਨਹੀਂ ਸੀ ਪਰ ਹੁਣ ਉਸ ਦੀਆਂ ਆਪਣੀਆਂ ਰਾਈਫਲਾਂ ਵਿਚੋਂ ਗੋਲੀ ਚੱਲਣ ਦੀ ਪੁਸ਼ਟੀ ਕਿਸਾਨਾਂ ਦੇ ਇਲਜ਼ਾਮਾਂ ਨੂੰ ਸਾਬਤ ਕਰਨ ਦਾ ਆਧਾਰ ਬਣ ਸਕਦੀ ਹੈ। ਸੁਪਰੀਮ ਕੋਰਟ ਨੇ ਸਰਕਾਰ ਦੀ ਹੁਣ ਤੱਕ ਦੀ ਜਾਂਚ ਬਾਰੇ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਯੂਪੀ ਹੀ ਨਹੀਂ ਪੰਜਾਬ ਦੇ ਸ਼ਹਿਰ ਫਿਰੋਜ਼ਪੁਰ ਵਿਚ ਵੀ ਲਖੀਮਪੁਰ ਖੀਰੀ ਵਰਗੀ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਦੌਰੇ ਸਮੇਂ ਕਿਸਾਨ ਇਨ੍ਹਾਂ ਆਗੂਆਂ ਤੋਂ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਟਕਰਾਅ ਦੀ ਨੌਬਤ ਆ ਗਈ। ਸਥਾਨਕ ਅਕਾਲੀ ਆਗੂ ਵਰਦੇਵ ਸਿੰਘ ਨੋਨੀ ਮਾਨ ਦੀ ਫਾਰਚੂਨਰ ਗੱਡੀ ਦਾ ਘਿਰਾਓ ਕੀਤਾ ਗਿਆ ਅਤੇ ਦੋ ਕਿਸਾਨ ਬੋਨਟ ਉੱਤੇ ਚੜ੍ਹ ਗਏ। ਗੱਡੀ ਰੋਕ ਕੇ ਗੱਲਬਾਤ ਕਰਨ ਦੀ ਬਜਾਇ ਡਰਾਈਵਰ ਨੇ ਗੱਡੀ ਭਜਾ ਲਈ ਜਿਸ ਨਾਲ ਇਕ ਕਿਸਾਨ ਦੇ ਸੱਟ ਵੀ ਵੱਜੀ ਅਤੇ ਕਿਸਾਨਾਂ ਨੇ ਗੱਡੀ ਦੀ ਭੰਨ-ਤੋੜ ਕਰ ਦਿੱਤੀ। ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਨੋਨੀ ਮਾਨ ਦੇ ਅੰਗ ਰੱਖਿਅਕਾਂ ਨੇ ਹਵਾ ਵਿਚ ਗੋਲੀਆਂ ਵੀ ਚਲਾਈਆਂ। ਅਕਾਲੀ ਦਲ ਨੇ ਕਾਂਗਰਸੀ ਵਿਧਾਇਕ ਉੱਤੇ ਦੋਸ਼ ਲਗਾਇਆ ਹੈ ਕਿ ਉਸ ਦੀ ਸ਼ਹਿ ਉੱਤੇ ਅਜਿਹਾ ਹੋਇਆ ਪਰ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਸ ਆਗੂ ਨੇ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਹਮਣੇ ਵੀ ਸੁਆਲ ਰੱਖੇ ਸਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪਾਰਟੀਆਂ ਨੂੰ ਰੈਲੀਆਂ ਜਾਂ ਰੋਡ ਸ਼ੋਅ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਸੀ। ਇਸ ਨੂੰ ਉਨ੍ਹਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਖਿਲਾਫ਼ ਵੀ ਪੇਸ਼ ਕੀਤਾ ਗਿਆ। ਦੇਸ਼ ਵਿਚ, ਖ਼ਾਸ ਤੌਰ ਉੱਤੇ ਪੰਜਾਬ ਵਿਚ ਸੰਵਾਦ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਹੋਈ ਅਤੇ ਨਾ ਹੀ ਇਸ ਵਾਸਤੇ ਆਗੂਆਂ ਤੇ ਲੋਕਾਂ ਨੂੰ ਕੋਈ ਸਿਖਲਾਈ ਮਿਲਦੀ ਹੈ। ਸ਼ੁਰੂ ਹੋਈ ਗੱਲਬਾਤ ਜਲਦ ਹੀ ਤਲਖ਼ ਕਲਾਮੀ ਤੱਕ ਪੁੱਜ ਜਾਂਦੀ ਹੈ। ਵਿਧਾਨ ਸਭਾ ਵਿਚ ਮੰਤਰੀਆਂ ਅਤੇ ਵਿਧਾਇਕਾਂ ਦੀ ਸ਼ਬਦਾਵਲੀ ਦੇਖੀ ਜਾਵੇ ਤਾਂ ਇਹ ਆਮ ਵਿਚਾਰ ਚਰਚਾ ਤੋਂ ਵੀ ਹੇਠਲੀ ਪੱਧਰ ਤੱਕ ਚਲੀ ਗਈ ਹੈ। ਦੇਸ਼ ਦੇ ਸਿਆਸਤਦਾਨ ਨੂੰ ਲੰਮੇ ਸਮੇਂ ਤੋਂ ਜੀ ਹਜ਼ੂਰੀ ਵਾਲੇ ਸੱਭਿਆਚਾਰ ਦੀ ਇਕਪਾਸੜ ਸਿਆਸਤ ਦੀ ਆਦਤ ਪਈ ਹੋਈ ਹੈ। ਬਦਲੇ ਹੋਏ ਮਾਹੌਲ ਵਿਚ ਲੋਕ, ਖ਼ਾਸ ਤੌਰ ਉੱਤੇ ਕਿਸਾਨ ਜੇਕਰ ਸਵਾਲ ਕਰਦੇ ਹਨ ਤਾਂ ਅਸਲ ਵਿਚ ਉਹ ਆਗੂਆਂ ਅਤੇ ਪਾਰਟੀਆਂ ਨੂੰ ਜਵਾਬਦੇਹ ਬਣਾਉਣ ਦਾ ਹੀ ਅਮਲ ਹੈ। ਇਸ ਸੰਵਾਦ ਨੂੰ ਸੰਸਥਾਈ ਰੂਪ ਦੇਣ ਦੀ ਲੋੜ ਹੈ।




UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

# ਕੋਈ ਵੀ ਸਰਕਾਰ ਫੇਰ ਕਦੇ ਐਨੇ ਬੇਰਹਿਮ ਤੇ ਅੰਸਵੇਦਨਸ਼ੀਲ ਕਾਨੂੰਨ ਨਾ ਬਣਾਏ-ਪ੍ਰਕਾਸ਼ ਸਿੰਘ ਬਾਦਲ



ਨਵੀਂ ਦਿੱਲੀ-ਕੇਂਦਰ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਐਲਾਨ ਦਾ ਸਵਾਗਤ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕੋਈ ਵੀ ਸਰਕਾਰ ਫੇਰ ਕਦੇ ਐਨੇ ਬੇਰਹਿਮ ਅਤੇ ਅਸੰਵੇਦਨਸ਼ੀਲ ਕਾਨੂੰਨ ਨਾ ਬਣਾਏ ਉਨ੍ਹਾਂ ਬਿਆਨ ਵਿੱਚ ਕਿਹਾ, 'ਗੁਰ ਪੁਰਬ ਤੇ ਕਿਸਾਨਾਂ ਦੀ ਇਤਿਹਾਸਕ ਜਿੱਤ, ਇਤਿਹਾਸ ਵਿੱਚ ਦਰਜ ਹੋ ਗਿਆ।

# ਚੋਣਾਂ ਦੇ ਡਰੋਂ ਸਰਕਾਰ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਈ-ਕਾਂਗਰਸ

ਨਵੀਂ ਦਿੱਲੀ-ਕਾਂਗਰਸ ਦੇ ਸੀਨੀਅਰ ਆਗੂ ਪੀ। ਚਿਦੰਬਰਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਫ਼ੈਸਲੇ ਨੂੰ ਕਿਸਾਨਾਂ ਤੇ ਉਨ੍ਹਾਂ ਦੀ ਪਾਰਟੀ ਦੀ ਜਿੱਤ ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਸਰਕਾਰ ਚੋਣਾਂ ਦੇ ਡਰੋਂ ਇਹ ਫ਼ੈਸਲਾ ਲੈਣ ਲਈ ਮਜਬੂਰ ਹੋਈ। ਇਸ ਬਾਰੇ ਉਨ੍ਹਾਂ ਟਵੀਟ ਕਰਦਿਆਂ ਕਿਹਾ,"ਜਮਹੂਰੀ ਵਿਰੋਧ ਪ੍ਰਦਰਸ਼ਨਾਂ ਨਾਲ ਕੀ ਹਾਸਲ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਵੱਲੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਨੀਤੀ ਵਿੱਚ ਤਬਦੀਲੀ ਅਤੇ ਦਿਲ ਪਸੀਜਣ ਤੋਂ ਪ੍ਰੇਰਿਤ ਨਹੀਂ ਹੈ। ਚੋਣਾਂ ਦੇ ਡਰੋਂ ਇਹ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਇਹ ਕਿਸਾਨਾਂ ਦੀ ਵੱਡੀ ਜਿੱਤ ਹੈ ਅਤੇ ਕਾਂਗਰਸ ਪਾਰਟੀ ਦੀ ਵੀ ਜਿੱਤ ਹੈ ਜੋ ਇਨ੍ਹਾਂ ਕਾਨੂੰਨਾਂ ਦਾ ਡਟਵਾਂ ਵਿਰੋਧ ਕਰ ਰਹੀ ਸੀ।



# ਕਿਸਾਨਾਂ ਦੇ ਲੰਮੇ, ਸ਼ਾਂਤਮਈ ਸੰਘਰਸ਼ ਦੀ ਜਿੱਤ-ਚੰਨੀ



ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਐਲਾਨ ਦਾ ਸਵਾਗਤ ਕਰਦਿਆਂ ਇਸ ਨੂੰ ਕਿਸਾਨਾਂ ਦੇ 'ਸਭ ਤੋਂ ਲੰਬੇ, ਸ਼ਾਂਤਮਈ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ।

# ਵਿਧਾਇਕ ਬੈਂਸ ਖ਼ਿਲਾਫ਼ ਗੈਰਜ਼ਮਾਨਤੀ ਵਾਰੰਟ ਜਾਰੀ

ਲੁਧਿਆਣਾ-ਸਨਅਤੀ ਸ਼ਹਿਰ ਦੀ ਇਕ ਔਰਤ ਵੱਲੋਂ ਦਰਜ ਕਰਵਾਏ ਗਏ ਜਬਰ ਜਨਾਹ ਦੇ ਕੇਸ ਚ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿੱਚ ਅਦਾਲਤ ਨੇ ਵਿਧਾਇਕ ਬੈਂਸ ਖ਼ਿਲਾਫ਼ ਗੈਰਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਇੱਕ ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਦੱਸ ਦਈਏ ਕਿ ਲੁਧਿਆਣਾ ਵਿੱਚ 44 ਸਾਲਾ ਔਰਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਜਬਰ ਜਨਾਹ ਦੇ ਦੋਸ਼ ਲਾਏ ਸਨ। ਔਰਤ ਨੇ ਦੋਸ਼ ਲਾਇਆ ਕਿ ਉਹ ਪ੍ਰਾਪਰਟੀ ਦੇ ਮਾਮਲੇ ਵਿੱਚ ਵਿਧਾਇਕ ਨੂੰ ਮਿਲੀ ਸੀ। ਵਿਧਾਇਕ ਨੇ ਇਹ ਮਾਮਲਾ ਸੁਲਝਾਉਣ ਦਾ ਭਰੋਸਾ ਦਿੰਦਿਆਂ ਆਪਣੇ ਦਫ਼ਤਰ ਦੇ ਇੱਕ ਕਮਰੇ ਵਿੱਚ ਉਸ ਨਾਲ ਜਬਰ ਜਨਾਹ ਕੀਤਾ। ਇਸ ਮਾਮਲੇ ਵਿੱਚ ਪੁਲੀਸ ਨੇ ਸ਼ਿਕਾਇਤ ਮਿਲਣ ਮਗਰੋਂ ਕੋਈ ਕਾਰਵਾਈ ਨਹੀਂ ਕੀਤੀ ਪਰ ਔਰਤ ਇਸ ਕੇਸ ਸਬੰਧੀ ਅਦਾਲਤ ਵਿੱਚ ਪੁੱਜ ਗਈ, ਜਿੱਥੇ 7 ਜੁਲਾਈ 2021



ਨੂੰ ਅਦਾਲਤ ਦੇ ਹੁਕਮਾਂ ਤੇ ਥਾਣਾ ਡਵੀਜਨ ਨੰਬਰ 6 ਦੀ ਪੁਲੀਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਕਮਲਜੀਤ ਸਿੰਘ, ਬਲਜਿੰਦਰ ਕੌਰ, ਜਸਬੀਰ ਕੌਰ, ਸੁਖਚੈਨ ਸਿੰਘ, ਪਰਮਜੀਤ ਸਿੰਘ, ਗੋਗੀ ਸ਼ਰਮਾ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਸਨ। ਨਾਲ ਹੀ ਸਾਰਿਆਂ ਖ਼ਿਲਾਫ਼ ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਸਨ ਪਰ ਇਸ ਮਾਮਲੇ ਵਿੱਚ ਜਦੋਂ ਕੋਈ ਵੀ ਮੁਲਜ਼ਮ ਅਦਾਲਤ ਸਾਹਮਣੇ ਪੇਸ਼ ਨਹੀਂ ਹੋਇਆ ਤਾਂ ਅਦਾਲਤ ਨੇ ਗੈਰਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ। ਔਰਤ ਦੇ ਵਕੀਲ ਹਰੀਸ਼ ਰਾਏ ਢਾਂਡਾ ਨੇ ਦੱਸਿਆ ਕਿ ਉਨ੍ਹਾਂ ਸਾਰੇ ਸਬੂਤ, ਤੇ ਮੋਬਾਈਲ ਫੋਨ ਦੇ ਮੈਸੇਜ ਅਦਾਲਤ ਨੂੰ ਦੇ ਦਿੱਤੇ ਸਨ। ਉਨ੍ਹਾਂ ਦੋਸ਼ ਲਗਾਏ ਕਿ ਪੁਲੀਸ ਨੇ ਸਹੀ ਤਰੀਕੇ ਨਾਲ ਚਾਰਜਸ਼ੀਟ ਵੀ ਦਾਇਰ ਨਹੀਂ ਕੀਤੀ। ਹੁਣ ਵੀ ਪੁਲੀਸ ਨੇ ਅਦਾਲਤ ਵਿੱਚ ਕਿਹਾ ਹੈ ਕਿ ਉਹ ਸਾਰੇ ਮੁਲਜ਼ਮਾਂ ਦੇ ਘਰ ਗਏ ਸਨ ਪਰ ਉਥੇ ਕੋਈ ਨਹੀਂ ਮਿਲਿਆ। ਵਕੀਲ ਢਾਂਡਾ ਨੇ ਕਿਹਾ ਕਿ ਅੱਜ ਸੁਣਵਾਈ ਦੌਰਾਨ ਅਦਾਲਤ ਨੇ ਸਾਰੇ ਹੀ ਮੁਲਜ਼ਮਾਂ ਖ਼ਿਲਾਫ਼ ਗੈਰਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ ਤੇ ਇੱਕ ਦਸੰਬਰ ਨੂੰ ਇਸ ਮਾਮਲੇ ਦੀ ਦੁਬਾਰਾ ਸੁਣਵਾਈ ਹੋਵੇਗੀ।


# ਗਹਿਣਿਆਂ ਦੀ ਦੁਕਾਨ ਲੁੱਟਣ ਵੇਲੇ ਦੁਵੱਲੀ ਗੋਲੀਬਾਰੀ 'ਚ ਦੁਕਾਨਦਾਰ ਦੀ ਮੌਤ, ਲੁਟੇਰਾ ਜ਼ਖ਼ਮੀ

ਬਟਾਲਾ-ਲੰਘੀ ਰਾਤ ਕਰੀਬ ਸਾਢੇ ਸੱਤ ਵਜੇ ਇਥੋਂ ਦੇ ਸੁਨਿਆਰੇ ਦੀ ਦੁਕਾਨ ਅੰਦਰ 4 ਹਥਿਆਰਬੰਦ ਲੁਟੇਰੇ ਦਾਖਲ ਹੋ ਗਏ। ਇਸੇ ਦੌਰਾਨ ਸੁਨਿਆਰੇ ਨੇ ਵੀ ਆਪਣਾ ਪਿਸਤੌਲ ਕੱਢ ਲਿਆ ਤੇ ਦੋਵਾਂ ਧਿਰਾਂ ਦਰਮਿਆਨ ਕਈ ਗੋਲੀਆਂ ਚੱਲੀਆਂ। ਗੋਲੀਬਾਰੀ ਦੌਰਾਨ ਸੁਨਿਆਰੇ ਨੂੰ ਗੋਲੀ ਲੱਗਣ ਕਾਰਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ ਗਿਆ ਪਰ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਜਿਥੇ ਦੇਰ ਰਾਤ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਸੁਨਿਆਰੇ ਦੀ ਪਛਾਣ ਕੁਲਦੀਪ ਰਾਜ ਉਰਫ ਦੀਪਕ ਵਾਸੀ ਬੈਠਕ ਕਲੋਨੀ ਵਜੋਂ ਹੋਈ ਹੈ। ਘਟਨਾ ਦੌਰਾਨ ਲੁਟੇਰਾ ਵੀ ਜ਼ਖਮੀ ਹੋਇਆ ਜਿਸ ਨੂੰ ਪੁਲੀਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਬਟਾਲਾ ਪੁਲੀਸ ਦੇ ਉਚ ਅਧਿਕਾਰੀ ਭਾਰੀ ਪੁਲੀਸ ਫੋਰਸ ਨਾਲ ਮੌਕੇ 'ਤੇ ਪਹੁੰਚੇ। ਮੁਖਵਿੰਦਰ ਸਿੰਘ ਨੇ ਦੱਸਿਆ ਕਿ ਵੀਰਵਾਰ ਦੀ ਰਾਤ ਦੁਕਾਨ ਅੰਦਰ ਕੁੱਝ ਹਥਿਆਰਬੰਦ ਲੁਟੇਰੇ ਦਾਖਲ ਹੋ ਗਏ, ਜਿਨ੍ਹਾਂ ਦਾ ਮੁਕਾਬਲਾ ਕਰਦਿਆਂ ਉਨ੍ਹਾਂ ਦਾ ਸਾਥੀ ਮਾਰਿਆ ਗਿਆ। ਐੱਸਐੱਸਪੀ ਨੇ ਦੱਸਿਆ ਕਿ ਪੁਲੀਸ ਨੇ ਮਾਮਲੇ ਦੀ ਜਾਂਚ ਅਤੇ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ 12 ਟੀਮਾਂ ਬਣਾਈਆਂ ਹਨ।










# ਚੰਨੀ ਨੇ ਕਿਸਾਨਾਂ ਨਾਲ ਝੂਠੇ ਵਾਅਦੇ ਕੀਤੇ-ਸੁਖਬੀਰ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਤੱਕ ਕਾਂਗਰਸ ਸਰਕਾਰ ਆਪਣੇ ਕੀਤੇ ਵਾਅਦੇ ਮੁਤਾਬਕ ਕਿਸਾਨਾਂ ਲਈ ਪੂਰਾ ਕਰਜ਼ਾ ਮੁਆਫੀ ਸਕੀਮ ਲਾਗੂ ਨਹੀਂ ਕਰਦੀ, ਉਦੋਂ ਤੱਕ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦੀ ਸੰਤੁਸ਼ਟੀ ਨਹੀਂ ਕਰਵਾਈ ਜਾ ਸਕਦੀ ਹੈ। ਕਾਂਗਰਸ ਦੇ ਬੁੱਧੀਜੀਵੀ ਸੈੱਲ ਦੇ ਪ੍ਰਧਾਨ ਅਨੀਸ਼ ਸਿਦਾਣਾ ਦੇ ਸਾਥੀਆਂ ਸਮੇਤ ਅਕਾਲੀ ਦਲ ਵਿਚ ਸ਼ਾਮਲ ਹੋਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਗ਼ੈਰਕਾਨੂੰਨੀ ਧੰਦੇ ਕਰਨ ਦੇ ਦੋਸ਼ ਵੀ ਲਾਏ। ਸੁਖਬੀਰ ਨੇ ਸਿਦਾਣਾ ਨੂੰ ਸ਼ਹਿਰੀ ਖੇਤਰ ਦੇ ਮਾਮਲੇ ਵਿਚ ਆਪਣਾ ਸਿਆਸੀ ਸਲਾਹਕਾਰ ਨਿਯੁਕਤ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਚੰਨੀ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਕਾਂਗਰਸ ਦਾ ਇੱਕ ਹੋਰ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਸੂਬੇ ਦੇ ਕਿਸਾਨ ਤਾਂ ਹਾਲੇ ਕਾਂਗਰਸ ਪਾਰਟੀ ਦੀ ਪੂਰਨ ਕਰਜ਼ਾ ਮੁਆਫੀ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਵੀ ਕਾਂਗਰਸ ਪਾਰਟੀ ਨੂੰ ਆਪਣੇ ਬੋਲ ਪੁਗਾਉਣ ਲਈ ਆਖਣਾ ਚਾਹੀਦਾ ਹੈ। ਉਨ੍ਹਾਂ ਮੁੱਖ ਮੰਤਰੀ ਤੇ ਸਿੱਧਾ ਹਮਲਾ ਬੋਲਦਿਆਂ ਕਿਹਾ,"ਚਰਨਜੀਤ ਸਿੰਘ ਚੰਨੀ ਸੂਬੇ ਵਿਚ ਨਾਜਾਇਜ਼ ਕਾਲੋਨੀਆਂ ਕੱਟਣ ਵਾਲਾ ਸਭ ਤੋਂ ਵੱਡਾ ਕਾਲੋਨਾਈਜ਼ਰ ਹੈ ਜੋ ਖਰੜ-ਰੋਪੜ ਪੱਟੀ ਤੇ ਗ਼ੈਰਕਾਨੂੰਨੀ ਕਾਲੋਨੀਆਂ ਖੁੰਬਾਂ ਵਾਂਗ ਉੱਗਣ ਲਈ ਜ਼ਿੰਮੇਵਾਰ ਹੈ। ਉਸ ਨੇ ਇਲਾਕੇ ਵਿਚ ਰੇਤ ਮਾਈਨਿੰਗ ਦੇ ਵਪਾਰ ਤੇ ਕਬਜ਼ਾ ਕੀਤਾ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਗ਼ੈਰਕਾਨੂੰਨੀ ਕਾਲੋਨੀਆਂ ਅਤੇ ਰੇਤ ਮਾਫੀਏ ਦੀ ਸਰਪ੍ਰਸਤੀ ਕਰਨ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੂੰ ਕਿਤੇ ਵੀ ਮੁੱਖ ਮੰਤਰੀ ਦੇ ਕੀਤੇ ਐਲਾਨ ਮੁਤਾਬਕ 5 ਰੁਪਏ ਪ੍ਰਤੀ ਫੁੱਟ ਰੇਤਾ ਨਹੀਂ ਮਿਲ ਰਿਹਾ ਹੈ ਸਗੋਂ ਇਸ ਝੂਠ ਦੇ ਪ੍ਰਚਾਰ ਲਈ ਸੂਬੇ ਦੇ ਖ਼ਜ਼ਾਨੇ ਨੇ 50 ਕਰੋੜ ਰੁਪਏ ਗੁਆ ਲਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪੈਟਰੋਲੀਅਮ ਪਦਾਰਥਾਂ ਦੇ ਰੇਟ ਵੀ ਖਿੱਤੇ ਵਿਚ ਸਭ ਤੋਂ ਸਸਤੇ ਹੋਣ ਬਾਰੇ ਝੂਠ ਬੋਲਿਆ ਹੈ ਅਤੇ 31 ਮਾਰਚ ਤੱਕ ਬਿਜਲੀ ਦਰਾਂ ਵਿਚ 3 ਰੁਪਏ ਦੀ ਕਟੌਤੀ ਕਰ ਕੇ ਪੰਜਾਬੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਨਸ਼ਿਆਂ ਬਾਰੇ ਐੱਸਟੀਐੱਫ ਦੀ ਰਿਪੋਰਟ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਕੋਈ ਵੀ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਸੌਦਾਗਰਾਂ ਨੂੰ ਗ੍ਰਿਫਤਾਰ ਕਰਨ ਤੋਂ ਨਹੀਂ ਰੋਕ ਰਿਹਾ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਸਰਕਾਰ ਨੂੰ ਇਹ ਵੀ ਚੁਣੌਤੀ ਦਿੱਤੀ ਕਿ ਉਹ ਬੇਅਦਬੀ ਮਾਮਲੇ ਵਿਚ ਉਨ੍ਹਾਂ ਖਿਲਾਫ਼ ਨਿੱਕਾ ਜਿਹਾ ਵੀ ਸਬੂਤ ਵਿਖਾਵੇ ਅਤੇ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਕੇਸ ਵਿਚ ਫਸਾਉਣ ਲਈ ਪੱਬਾਂ ਭਾਰ ਹੋਈ ਪਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਹੀ ਮੁੱਖ ਮੰਤਰੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਡੀਜੀਪੀ ਆਈ ਪੀ ਐੱਸ ਸਹੋਤਾ ਵੱਲੋਂ ਰਚੀ ਗਈ ਸਾਜ਼ਿਸ਼ ਬੇਨਕਾਬ ਕੀਤੀ ਹੈ ਅਤੇ ਜੇਕਰ ਇਹ ਉਨ੍ਹਾਂ ਨੂੰ ਫਸਾਉਂਦੇ ਹਨ ਤਾਂ ਫਿਰ ਉਹ ਧਾਰਾ 120 (ਬੀ) ਤਹਿਤ ਜ਼ਿੰਮੇਵਾਰ ਹੋਣਗੇ।

ਬੱਸ ਪਰਮਿਟ ਰੱਦ ਕਰਨ ਬਾਰੇ ਸਵਾਲ ਦੇ ਜਵਾਬ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਬੱਸ ਪਰਮਿਟ ਬਿਨਾਂ ਕੋਈ ਨੋਟਿਸ ਦਿੱਤਿਆਂ ਰੱਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡੇ ਵੱਲ ਤਾਂ ਪੰਜਾਬ ਸਰਕਾਰ ਦਾ ਇਕ ਰੁਪਿਆ ਵੀ ਟੈਕਸ ਬਕਾਇਆ ਨਹੀਂ ਹੈ ਪਰ ਕਾਂਗਰਸੀ ਆਗੂਆਂ ਦੀਆਂ ਕੰਪਨੀਆਂ ਵੱਡੀਆਂ ਡਿਫਾਲਟਰ ਹਨ ਜਿਨ੍ਹਾਂ ਖਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ ਹੈ। ਕਾਂਗਰਸ ਛੱਡ ਕੇ ਆਏ ਅਨੀਸ਼ ਸਿਦਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਬੇਅਦਬੀ ਮਾਮਲਿਆਂ ਦਾ ਸਿਆਸੀਕਰਨ ਕਰ ਕੇ ਸਿਰਫ ਨਾਂਹ-ਪੱਖੀ ਰਾਜਨੀਤੀ ਕਰ ਰਹੀ ਹੈ। ਇਸ ਮੌਕੇ ਪ੍ਰੇਮ ਸਿੰਘ ਚੰਦੂਮਾਜਰਾ, ਡਾ। ਦਲਜੀਤ ਸਿੰਘ ਚੀਮਾ, ਰਾਜ ਕੁਮਾਰ ਗੁਪਤਾ, ਹੰਸ ਰਾਜ ਜੋਸਨ ਤੇ ਸਤਿੰਦਰਜੀਤ ਮੰਟਾ ਵੀ ਹਾਜ਼ਰ ਸਨ।



## 'ਹਰਸਿਮਰਤ ਵਿਧਾਨ ਸਭਾ ਚੋਣਾਂ ਨਹੀਂ ਲੜੇਗੀ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਪਤਨੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੀ ਉਮੀਦਵਾਰ ਨਹੀਂ ਹੋਵੇਗੀ। ਅੱਜ ਇਥੇ ਇਕ ਮੀਡੀਆ ਹਾਊਸ ਦੇ ਨਿੱਜੀ ਪ੍ਰੋਗਰਾਮ ਵਿੱਚ ਉਨ੍ਹਾਂ ਸਾਬਕਾ ਮੁੱਖ ਮੰਤਰੀ ਅਤੇ ਪਾਰਟੀ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਲੜਨ ਸਬੰਧੀ ਪੁੱਛੇ ਜਾਣ ਤੇ ਕਿਹਾ ਕਿ ਕਿਸ ਆਗੂ ਨੂੰ ਚੋਣ ਲੜਾਉਣੀ ਹੈ ਜਾਂ ਨਹੀਂ, ਇਸ ਦਾ ਫ਼ੈਸਲਾ ਪਾਰਟੀ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਸਬੰਧੀ ਸਾਰੇ ਫ਼ੈਸਲੇ ਪਾਰਟੀ ਪੱਧਰ ਤੇ ਵਿਚਾਰ ਚਰਚਾ ਤੋਂ ਬਾਅਦ ਲਏ ਜਾਂਦੇ ਹਨ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL — KULWANT ATWAL 604-716-2135
MORTGAGES 1st, 2nd or Private — BHAJAN ATWAL 604-773-8426
BUILD WITH WARRANTY — BUILD, SUPPORT & ADVICE TEAM WORK — 604-773-8426 604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426


# ਸਿੱਖ ਇਨਕਲਾਬ ਦੇ ਮੋਢੀ : ਗੁਰੂ ਨਾਨਕ ਸਾਹਿਬ


ਡਾ: ਗੁਰਵਿੰਦਰ ਸਿੰਘ

ਮੁਰਸ਼ਦ -ਏ- ਆਲਮ ਗੁਰੂ ਨਾਨਕ ਸਾਹਿਬ ਅਜਿਹੇ ਪਹਿਲੇ ਕੌਮਾਂਤਰੀ ਆਗੂ ਹਨ, ਜਿਨ੍ਹਾਂ ਦਾ ਮਿਸ਼ਨ 'ਸਮੁੱਚੀ ਮਾਨਵਤਾ' ਦੀ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਤੋਂ ਆਰੰਭ ਹੁੰਦਾ ਹੈ। ਉਨ੍ਹਾਂ ਮਾਨਵ ਹਿਤਕਾਰੀ ਤੇ ਵਿਸ਼ਵ -ਵਿਆਪੀ ਜੀਵਨ ਦਰਸ਼ਨ ਦਾ ਸੰਕਪਲ ਦਿੱਤਾ, ਜੋ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਮਜ਼ਬੂਤ ਨੀਂਹ 'ਤੇ ਸਥਾਪਿਤ ਹੈ। ਉਹਨਾਂ ਦੁਆਰਾ ਪ੍ਰਸਤੁਤ ੧ਓ ਦਾ ਸਿਧਾਂਤ ਰੰਗ-ਨਸਲ, ਵਰਗ-ਵੰਡ, ਜਾਤ-ਪਾਤ, ਬੇਦ -ਕਤੇਬ, ਦੇਹੁਰਾ-ਮਸੀਤ, ਪੂਜਾ-ਨਿਵਾਜ ਤੇ ਦੇਸ਼ -ਕੌਮ ਦੀਆਂ ਹੱਦਾਂ ਅਤੇ ਵਲਗਣਾਂ ਤੋਂ ਪਾਰ, ਸਰਬ-ਵਿਆਪਕਤਾ ਤੇ ਸਰਬ-ਸਾਂਝੀਵਾਲਤਾ ਦਾ ਸੰਕਲਪ ਹੈ। ਯੁੱਗ -ਪੁਰਸ਼ ਗੁਰੂ ਨਾਨਕ ਸਾਹਿਬ ਦੇ ਪ੍ਰੇਮ,ਇਤਫ਼ਾਕ ਤੇ ਸਦਭਾਵਨਾ ਦੇ ਸੰਦੇਸ਼ ਸਦਕਾ ਹਿੰਦੂ ਤੇ ਮੁਸਲਮਾਨ, ਸੂਫ਼ੀ ਤੇ ਬ੍ਰਾਹਮਣ, ਅਫ਼ਗਾਨ ਤੇ ਬਲੋਚ, ਰਾਜੇ ਤੇ ਰੰਕ, ਗ੍ਰਹਿਸਤੀ ਤੇ ਤਿਆਗੀ, ਇਸਤਰੀ ਤੇ ਮਰਦ, ਨਾਥ ਤੇ ਯੋਗੀ, ਵਲੀ ਕੰਧਾਰੀ ਤੇ ਹਮਜ਼ਾ ਗੌਂਸ, ਕੌਡੇ ਰਾਖਸ਼ ਤੇ ਸੱਜਣ ਠੱਗ ਆਦਿ ਸਭਨਾ ਦੀ ਤਰਜ਼ੇ - ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਉਣਾ ਤੇ ਗੁਰੂ ਸਾਹਿਬ ਦੇ ਮੁਰੀਦ ਤੇ ਸ਼ਰਧਾਲੂ ਬਣ ਜਾਣਾ, ਵਿਸ਼ਵ ਇਤਿਹਾਸ ਵਿੱਚ ਅਲੌਕਿਕ ਵਰਤਾਰਾ ਹੈ। ਦਰਅਸਲ ਉਨ੍ਹਾਂ ਦਾ ਪ੍ਰੇਮ ਪੈਗ਼ਾਮ ਸੰਪੂਰਨ ਇਨਸਾਨੀਅਤ ਲਈ ਹੈ ਅਤੇ ਖੱਤਰੀ ਬ੍ਰਾਹਮਣ ਸੂਦਰ ਵੈਸ਼ ਉਪਦੇਸ਼ ਚਹੁੰ ਵਰਨਾ ਲਈ ਸਾਂਝਾ ਹੈ। ਜ਼ਾਹਰ -ਪੀਰ ਤੇ ਜਗਤ- ਤਾਰਕ ਬਾਬਾ ਨਾਨਕ ਨੇ ਆਪਣੀ ਨਿਵੇਕਲੀ ਵਿਚਾਰਧਾਰਾ ਤੇ ਮਹਾਨ ਫ਼ਲਸਫ਼ੇ ਨਾਲ ਨੌਂ ਖੰਡ ਪ੍ਰਿਥਵੀ ਦਾ ਹਨੇਰਾ ਖਤਮ ਕਰ ਦਿੱਤਾ। ਪੂਰਬੀ ਦੁਨੀਆ ਵਿੱਚ ਉਦੈ ਹੋਇਆ ਇਹ ਸੂਰਜ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣਿਆ।

ਗੁਰੂ ਸਾਹਿਬ ਦਾ ਸਮਕਾਲੀ ਮਾਨਵ- ਜੀਵਨ ਅਧਿਆਤਮਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ, ਚਾਰੇ ਪਹਿਲੂਆਂ ਤੋਂ ਘੋਰ ਗਿਰਾਵਟ ਦਾ ਸ਼ਿਕਾਰ ਹੋ ਚੁੱਕਿਆ ਸੀ। ਚਾਰ-ਚੁਫੇਰੇ ਰਬੀ ਨਾਮ ਦੀ ਥਾਂ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਦਾ ਰਾਮ -ਰੌਲਾ ਵਾਯੂ-ਮੰਡਲ ਦੂਸ਼ਿਤ ਕਰ ਰਿਹਾ ਸੀ। ਧਰਮ ਦਾ ਠੇਕੇਦਾਰ ਧਾਰਮਿਕ -ਪੁਸ਼ਾਕ ਪਹਿਨ ਕੇ ਧਰਮ ਦਾ ਲਹੂ ਪੀ ਰਿਹਾ ਸੀ, ਜਿਸ ਕਾਰਨ ਉਸ ਦਾ 'ਬੇਇਲਮਾ ਅਮਲ' ਤੇ 'ਬੇਅਮਲਾ ਇਲਮ' ਬੇ-ਅਰਥ ਹੋ ਚੁੱਕਿਆ ਸੀ। ਮੰਨੂ- ਸਮ੍ਰਿਤੀ ਦੀ ਵਰਗ -ਵੰਡ ਕਾਰਨ ਜਾਤਾਂ-ਪਾਤਾਂ ਵਿੱਚ ਵੰਡੇ ਭਾਰਤਵਾਸੀ ਲੀਰੋ-ਲੀਰ ਹੋ ਚੁੱਕੇ ਸਨ। ਅੰਦਰੂਨੀ ਤੌਰ ਤੇ ਨਿਕੰਮੇ, ਲਾਚਾਰ ਤੇ ਕਮਜ਼ੋਰ ਭਾਰਤ ਦਾ ਜਿਸਮ ਡਾਕੂ ਲੁਟੇਰੇ, ਲੰਗੜੇ ਜਰਨੈਲ ਤੇ ਆਜੜੀ ਮੁਰੈਲ੍ਹ ਖ਼ੂਨੀ ਨਹੁੰਦਰਾਂ ਨਾਲ ਨੋਚਦੇ ਰਹੇ ਸਨ। ਇਹ ਬਘਿਆੜਾਂ ਤੇ ਕੁੱਤਿਆਂ ਦਾ ਰੂਪ ਅਖਤਿਆਰ ਕਰਕੇ ਮਨੁੱਖਤਾ ਦਾ ਲਹੂ ਪੀ ਰਹੇ ਸਨ:-

"ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹ ਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥"
(ਗੁਰੂ ਗਰੰਥ ਸਾਹਿਬ, 1288)



ਮਧਕਾਲੀਨ ਇਤਿਹਾਸ ਵਿੱਚ ਜ਼ਾਲਮ ਹਕੂਮਤ ਦੇ ਬਰਖ਼ਿਲਾਫ਼ ਤੇ ਮਾਨਵ ਅਧਿਕਾਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਪਹਿਲੇ ਇਨਕਲਾਬੀ ਆਗੂ ਮਰਦਿ -ਕਾਮਿਲ ਗੁਰੂ ਨਾਨਕ ਸਾਹਿਬ ਹਨ। ਇਹ ਦਲੇਰਾਨਾ ਪਹਿਲ -ਕਦਮੀ ਸਿੱਖ ਕੌਮ ਨੂੰ ਦੁਨੀਆ ਦੀ ਬਹਾਦਰ ਤੇ ਸੂਰਬੀਰ ਕੌਮ' ਵਜੋਂ ਉਜਾਗਰ ਕਰਨ ਲਈ ਮਾਰਗ ਦਰਸ਼ਕ ਬਣੀ। ਜੋ ਖਾਲਸਾ ਰੂਪੀ ਬ੍ਰਿਛ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਿਤ ਹੋਇਆ ਸੀ, ਉਸ ਦੇ ਬੀਜ ਗੁਰੂ ਨਾਨਕ ਸਾਹਿਬ ਜੀ ਬੀਜ ਗਏ ਸਨ ਅਤੇ ਉਤਰਾ- ਅਧਿਕਾਰੀ ਗੁਰੂ ਸਾਹਿਬਾਨ ਉਸ ਦੀ ਸਿੰਚਾਈ ਕਰਕੇ ਪਾਲਣ ਕਰਦੇ ਰਹੇ ਸਨ। ਜ਼ੁਲਮ ਦੇ ਖਾਤਮੇ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਜੋ ਕਿਰਪਾਨ ਖਾਲਸੇ ਫੜਾਈ ਗਈ ਸੀ, ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ, ਪਰ ਉਸ ਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ।

ਇਉਂ ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰਾ ਤੱਕ ਦੀ ਯਾਤਰਾ ਹੈ, ਜਿੱਥੇ ਭਾਈ ਮਰਦਾਨਾ ਜੀ ਦੀ ਰਬਾਬ ਤੋਂ ਲੈ ਕੇ ਆਨੰਦਪੁਰ ਸਾਹਿਬ ਦੇ ਰਣਜੀਤ ਨਗਾਰੇ ਤੱਕ ਦੀ ਗੂੰਜ ਗਿਆਨ ਅਤੇ ਕਿਰਪਾਨ ਨਾਲ ਹਲੂਣਾ ਦਿੰਦੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵੱਖੋ-ਵੱਖਰੇ ਨਹੀਂ, ਬਲਕਿ ਇੱਕ ਹੀ ਜੋਤ ਹਨ ਤੇ ਇਹ ਜੋਤ ਗੁਰੂ ਗ੍ਰੰਥ ਸਾਹਿਬ ਦੇ ਜੁੱਗੋ ਜੁੱਗ ਅਟੱਲ ਸਿਧਾਂਤ ਰੂਪ ਵਿੱਚ ਸਦਾ ਹੀ ਕਾਇਮ ਹੈ ਅਤੇ ਰਹੇਗੀ।

ਧਰਮ ਦੇ ਸੰਕਲਪ ਨੂੰ ਗੁਰੂ ਨਾਨਕ ਸਾਹਿਬ ਨੇ ਨਿਜੀ ਸੁਆਰਥ, ਰਾਜਨੀਤਿਕ ਚੌਧਰ ਤੇ ਜਾਤੀਵਾਦ ਦੇ ਸੰਕੀਰਨ ਤੇ ਸੰਕੁਚਿਤ ਦਾਇਰਿਆਂ 'ਚੋ ਬਾਹਰ ਕੱਢ ਕੇ, ਅਸਲੋਂ ਨਵੇਂ ਰੂਪ ਵਿੱਚ ਪਰਿਭਾਸ਼ਿਤ ਕਰਦੇ ਹੋਏ, ਇਸ ਨੂੰ ਸੁਭ- ਕਰਮ ,ਸਵੈ-ਵਿਸ਼ਵਾਸ ਤੇ ਸਦਭਾਵਨਾ ਦਾ ਕੇਂਦਰ -ਬਿੰਦੂ ਬਣਾ ਦਿੱਤਾ। ਆਪਣਾ ਮੂਲ ਪਛਾਣਦੇ ਹੋਏ ਸਭ ਨੂੰ ਆਪਣੇ ਧਰਮ ਵਿੱਚ ਦ੍ਰਿੜ ਅਤੇ ਪਰਪੱਕ ਹੋਣ 'ਤੇ ਜ਼ੋਰ ਦਿੱਤਾ। ਸੱਚਾ ਮੁਸਲਮਾਨ ਉਹ ਹੈ, ਜੋ ਮਿਹਰ ਦੀ ਮਸਜਿਦ ਵਿੱਚ ਸਿਦਕ ਦਾ ਮੁਸੱਲਾ ਵਿਛਾ ਕੇ ਸਚਾਈ, ਇਮਾਨਦਾਰੀ, ਬੰਦਗੀ, ਸਾਫ- ਦਿਲੀ ਤੇ ਸਿਫ਼ਤ ਦੀਆਂ ਪੰਜ ਨਿਮਾਜ਼ਾਂ ਪੜ੍ਹਦਾ ਹੈ ਤੇ ਬ੍ਰਾਹਮਣ ਉਹ ਹੈ ਜੋ ਸਤਿ। ਸੰਤੋਖ, ਦਇਆ ਤੇ ਜਤ- ਪਤ ਦਾ ਧਾਰਨੀ ਹੈ। ਜੋਗੀ ਉਹ ਹੈ, ਜਿਸ ਦੇ ਕੰਨਾਂ 'ਚ ਸੰਤੋਖ ਦੀਆਂ ਮੁੰਦਰਾਂ, ਉਦਮ ਦੀ ਝੋਲੀ , ਧਿਆਨ ਦੀ ਬਿਭੂਤੀ ਅਤੇ ਹੱਥ ਵਿੱਚ ਜੁਗਤੀ ਦਾ ਡੰਡਾ ਫੜਿਆ ਹੋਇਆ ਹੈ। ਕਾਜੀ ਉਹ ਹੈ। ਜੋ ਸਚਾਈ 'ਤੇ ਪਹਿਰਾ ਦਿੰਦਾ ਹੋਇਆ ਪੂਰਨ ਨਿਆਂ ਕਰੇ। ਗੁਰੂ ਸਾਹਿਬ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਬੇਹੱਦ ਢੁਕਵੀਂਆਂ ਦਲੀਲਾਂ ਦੁਆਰਾ, ਦਮ ਤੋੜ ਚੁੱਕੇ ਮਨੁੱਖੀ ਸਮਾਜ ਨੂੰ ਪੁਨਰ - ਜੀਵਨ ਦਾਨ ਬਖ਼ਸ਼ਣ ਲਈ ਕੀਤੇ ਗਏ ਮਹਾਨ ਉਪਕਾਰਾਂ ਵਾਸਤੇ ਸਮੁੱਚੇ ਮਾਨਵਤਾ ਉਹਨਾਂ ਦੀ ਕਰਜ਼ਦਾਰ ਹੈ। ਸਮਾਜ ਦੀ ਪੁਨਰ - ਸਥਾਪਨਾ ਦੇ ਪ੍ਰਸੰਗ ਵਿੱਚ ਉਹਨਾਂ ਦੁਆਰਾ ਪੇਸ਼ ਵਿਵੇਕ- ਭਰਪੂਰ ਪਰਿਭਾਸ਼ਾਵਾਂ ਦ੍ਰਿਸ਼ਟੀ-ਗੋਚਰ ਹਨ:-

"ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥
ਗੁਰ ਪਰਸਾਦੀ ਜੀਵਤੁ ਮਰੈ ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੇ ॥
ਦਾਨਸ ਬੰਦੂ ਸੋਈ ਦਿਲੁ ਧੋਵੈ ॥
ਮੁਸਲਮਾਣੁ ਸੋਈ ਮਲੁ ਖੋਵੈ ॥"
(ਗੁਰੂ ਗਰੰਥ ਸਾਹਿਬ, 622)

ਗੁਰੂ ਨਾਨਕ ਦਰਸ਼ਨ ਆਤਮਾ-ਪਰਮਾਤਮਾ, ਧਰਮ, ਅਚਾਰਨੀਤੀ, ਨੈਤਿਕਤਾ ਵਰਗੇ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਤੇ ਸਮਾਜਿਕ ਵਿਸ਼ਿਆਂ ਨੂੰ ਅਸਲੋਂ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦਾ ਹੈ। ਗੁਰੂ ਨਾਨਕ ਬਾਣੀ ਵਿੱਚ ਪਾਖੰਡ ਦੀ ਥਾਂ ਸੱਚੀ- ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ , ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਸਾਹਿਬ ਨੇ ਲੋਕ- ਧਰਮ ਅਤੇ ਲੋਕ ਗਾਥਾਵਾਂ ਦਾ ਵਰਣਨ 'ਖੰਡਨਾਤਮਿਕ' ਤੇ 'ਮੰਡਨਾਤਮਿਕ' ਦੋਹਾਂ ਵਿਧੀਆਂ ਰਾਹੀਂ ਕੀਤੀ ਹੈ । ਜਿੱਥੇ ਉਨ੍ਹਾਂ ਲੋਕ ਧਰਮ ਦੇ ਕਈ ਸਿਰਜਨਾਤਮਕ ਅਤੇ ਲੋਕ-

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

ਹਿਤਕਾਰੀ ਸੰਕਲਪਾਂ ਨੂੰ ਸਵੀਕਾਰ ਕੀਤਾ ਹੈ, ਉੱਥੇ ਚਾਰ - ਵਰਨ, ਚਾਰ -ਆਸ਼ਰਮ, ਹੋਮ -ਯਗ , ਤੀਰਥ - ਗਮਾਨ, ਸੂਤਕ- ਪਾਤਕ ਆਦਿ ਕਰਮ ਕਾਂਡਾਂ ਪ੍ਰਤੀ ਖੰਡਨਾਤਮਿਕ ਆਲੋਚਨਾ ਦੀ ਦ੍ਰਿਸ਼ਟੀ ਅਪਣਾਈ ਹੈ। ਭਾਰਤ ਦੇ ਇਤਿਹਾਸ ਵਿੱਚ ਅਪਮਾਨਿਤ ਅਤੇ ਨਫ਼ਰਤ ਦੀ ਪਾਤਰ ਵਜੋਂ ਪੇਸ਼ ਕੀਤੀ ਗਈ ਇਸਤਰੀ ਜਾਤੀ ਨੂੰ, ਗੁਰੂ ਨਾਨਕ ਸਾਹਿਬ ਨੇ ਅਤਿ ਸਤਿਕਾਰਯੋਗ ਸਥਾਨ ਦੁਆ ਕੇ, ਜਿੱਥੇ ਸਦੀਆਂ ਤੋਂ ਸਮਾਜ ਦੇ ਮੱਥੇ ਤੇ ਲੱਗੇ ਕਲੰਕ ਨੂੰ ਸਾਫ਼ ਕੀਤਾ ਹੈ ,ਉੱਥੇ ਸੰਗਤ ਅਤੇ ਪੰਗਤ ਦੀ ਨਿਵੇਕਲੀ ਮਰਿਆਦਾ ਸ਼ੁਰੂ ਕਰਕੇ ਸਮਾਜਿਕ- ਰੋਅਬ ਤੇ ਜਾਤ- ਅਭਿਮਾਨ ਨੂੰ ਖਤਮ ਕਰਦਿਆਂ, ਸ਼ਖਸੀ - ਸਮਾਨਤਾ ਦੀ ਸੋਚ ਨੂੰ ਅਮਲੀ ਜਾਮਾਂ ਪਹਿਨਾਉਣ ਵਿੱਚ ਵੀ ਪਹਿਲਕਦਮੀ ਕੀਤੀ ਹੈ । ਪਰ-ਅਧਿਕਾਰ ਉੱਪਰ ਕਬਜ਼ੇ ਦੀ ਭਾਵਨਾ ਨੂੰ ਧਿਕਾਰਦੇ ਹੋਏ ਜਿੱਥੇ ਗੁਰੂ ਸਾਹਿਬ ਨੇ ਪਰਾਏ - ਹੱਕ ਨੂੰ ਗਊ ਤੇ ਸੂਰ ਦਾ ਮਾਸ ਖਾਣ ਤੇ ਤੁਲ ਦਰਸਾਇਆ ਹੈ, ਉੱਥੇ ਹੱਕ- ਹਲਾਲ ਦੀ ਕਮਾਈ ਤੇ ਦਸਾਂ ਨੂੰਹਾਂ ਦੀ ਕਿਰਤ ਦੀ ਸ੍ਰੇਸ਼ਟਤਾ ਉਜਾਗਰ ਕਰਨ ਲਈ ਜੀਵਨ ਕਾਲ ਦੇ ਅੰਤਿਮ 18 ਵਰ੍ਹੇ ਰਾਵੀ ਕਿਨਾਰੇ ਵਸਾਏ ਪ੍ਰਭੂ-ਨਗਰ ਕਰਤਾਰਪੁਰ ਸਾਹਿਬ ਵਿਖੇ ਕਿਰਸਾਣੀ ਕਰਦੇ ਹੋਏ, ਹਲ ਚਲਾਉਂਦਿਆਂ ਕਿਰਤੀ ਤੇ ਮਿਹਨਤਕਸ਼ਾਂ ਦੀ ਢਾਣੀ ਦੇ ਮੋਢੀ ਬਣੇ । ਅੱਜ ਕਿਸਾਨੀ ਹੱਕਾਂ ਲਈ ਜੂਝਣ ਵਾਲੇ ਬਹਾਦਰ ਲੋਕ ਗੁਰੂ ਨਾਨਕ ਸਾਹਿਬ ਦੇ ਰਾਹ ਦੇ ਪਾਂਧੀ ਹਨ, ਜਦਕਿ ਕਿਰਸਾਨ ਵਿਰੋਧੀ ਕਾਨੂੰਨਾਂ ਦੇ ਘਾੜੇ ਗੁਰ ਨਾਨਕ ਸਿਧਾਂਤ ਦੇ ਵਿਰੋਧੀ ਹਨ। ਗੁਰੂ ਨਾਨਕ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਹ ਪਵਿੱਤਰ ਅਸਥਾਨ ਹੀ ਅੱਜ ਸਿਆਸੀ ਹਉਮੈ ਦੇ ਸ਼ਿਕਾਰ ਅਤੇ ਹੱਦਾਂ ਸਰਹੱਦਾਂ ਵਿੱਚ ਤਕਸੀਮ ਹੋਏ ਮੁਲਕਾਂ ਅੰਦਰ ਪ੍ਰੇਮ ਅਤੇ ਸਦਭਾਵਨਾ ਦੀ ਸਾਂਝ ਕਾਇਮ ਕਰਨ ਦਾ ਆਧਾਰ ਬਣਿਆ ਹੈ। ਗੁਰਮਿਤ ਦਾ ਮਾਰਗ ਪ੍ਰਵਿਰਤੀ ਮੂਲਕ ਨਿਵਿਰਤੀ ਅਤੇ ਪ੍ਰੇਮ ਭਗਤੀ ਦਾ ਸਹਿਜ ਅਤੇ ਸੁਖੈਨ ਮਾਰਗ ਹੈ । ਨਾਥਾਂ- ਸਿੱਧਾਂ ਦੇ ਯੋਗੀਆਂ ਦੇ ਹੱਠ ਅਤੇ ਤਿਆਗ ਮਾਰਗ ਦੀ ਵਿਆਖਿਆ ਕਰਦੇ ਹੋਏ 'ਪੰਤਜਲੀ ਦਰਸ਼ਨ' ਵਿੱਚ ਕਿਹਾ ਗਿਆ ਹੈ : " ਅਥ ਜੋਗਾਨੁਸ਼ਾਸਨਮ ॥ ਯੋਗਸ਼ਚਿਤ ਵ੍ਰਤਿਨਿਰੋਧਹ ॥ ਤਥਾ ਦ੍ਰਿਸ਼ਟ ਸਵਰੂਪੇ ਅਵਸਥਾਨਮ॥" ਅਜਿਹੀ ਕਠਿਨ ਤਪੱਸਿਆ ਅਤੇ ਘਰ-ਬਾਰ ਦੇ ਤਿਆਗ ਦੀ ਥਾਂ, ਗੁਰੂ ਨਾਨਕ ਸਾਹਿਬ ਦੇ ਪੰਥ ਵਿੱਚ ਹੱਸਦਿਆਂ, ਖੇਲਦਿਆਂ, ਪਹਿਨਦਿਆਂ, ਖਾਂਵਦਿਆਂ ਵਿੱਚੈ ਹੋਵੈ ਮੁਕਤਿ ਦਾ ਮਹਾਨ ਸਿਧਾਂਤ ਪੇਸ਼ ਕੀਤਾ ਗਿਆ ਹੈ । ਗ੍ਰਹਿਸਤ ਮਾਰਗ ਨੂੰ ਪਹਿਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਬਟਾਲਾ ਨਿਵਾਸੀ ਸ੍ਰੀ ਮੂਲ ਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਨਾਲ ਵਿਆਹ ਕਰਵਾਇਆ । ਆਪ ਨੇ ਗ੍ਰਹਿ ਵਿਖੇ ਦੋ ਪੁੱਤਰਾਂ ਸ੍ਰੀ ਚੰਦ ਤੇ ਲਖਮੀ ਦਾਸ ਨੇ ਜਨਮ ਲਿਆ। ਮੱਧ ਕਾਲ ਵਿੱਚ ਸੰਸਾਰ ਤੇ ਪਰਿਵਾਰ ਦਾ ਤਿਆਗ ਕਰਨ ਵਾਲੇ ਅਖੌਤੀ ਧਾਰਮਿਕ- ਮਤ ਦੇ ਖੰਡਰਾਂ 'ਤੇ ਖੜ੍ਹੀ ਨਾਥਾਂ -ਜੋਗੀਆਂ ਦੀ ਜਮਾਤ, ਸੰਸਾਰ ਤੋਂ ਭਗੌੜੀ ਹੋ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪੀ ਬੈਠੀ ਸੀ ਅਤੇ ਲੁਕਾਈ ਯਤੀਮ ਹੋ ਚੁੱਕੀ ਸੀ । ਅਜਿਹੀਆਂ ਸੰਕਟਮਈ ਪਰਸਥਿਤੀਆਂ ਵਿੱਚ ਗੁਰੂ ਸਾਹਿਬ ਨੇ ਆਪਣੇ ਮਾਨਵਵਾਦੀ ਸੰਦੇਸ਼ ਨੂੰ ਦੇਸ-ਕਾਲ ਦੀਆਂ ਸੀਮਾਵਾਂ ਤੋਂ ਪਾਰ, ਪੂਰੇ ਵਿਸ਼ਵ ਤੱਕ ਪਹੁੰਚਾਉਣ ਲਈ ਪੈਦਲ ਯਾਤਰਾ ਆਰੰਭ ਕੀਤੀ । ਬੇਸ਼ੱਕ ਮਾਨਵ ਕਲਿਆਣ ਵਾਸਤੇ ਇਸਾਈ ਧਰਮ ਪ੍ਰਮੁੱਖ ਯਿਸੂ ਮਸੀਹ ਨੇ ਬੈਥਲਮ ਤੋਂ ਯੇਰੋਸ਼ਲਮ ਤੱਕ, ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ ਮੱਕੇ ਤੋਂ ਮਦੀਨੇ ਤੱਕ ਤੇ ਬੁੱਧ ਮੱਤ ਦੇ ਮੋਢੀ ਮਹਾਤਮਾ ਗੌਤਮ ਬੁੱਧ ਨੇ ਨੇਪਾਲ ਤੋਂ ਗਯਾ ਤੱਕ ਦੀ ਯਾਤਰਾ ਕੀਤੀ, ਪਰ ਗੁਰੂ ਨਾਨਕ ਜੀ ਨੇ 1499 ਈਸਵੀ ਤੋਂ ਲੈ ਕੇ 1521 ਤਕ ਤਕਰੀਬਨ 22 ਵਰ੍ਹੇ ਨੌਂ ਖੰਡ ਪ੍ਰਿਥਵੀ ਦਾ 24 ਹਜ਼ਾਰ ਮੀਲ ਤੋਂ ਵਧੇਰੇ ਪੈਂਡਾ ਪੈਦਲ ਤੈਅ ਕੀਤਾ, ਜਿਸ ਦੇ ਬਰਾਬਰ ਸੰਸਾਰ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਸੈਦਪੁਰ ਤੋਂ ਸ਼ੁਰੂ ਹੋਇਆ ਇਹ ਸਫ਼ਰ ਮੁਲਤਾਨ ਕੁਰਕਸ਼ੇਤਰ, ਦਿੱਲੀ, ਹਰਿਦੁਆਰ , ਗੋਰਖਮਤਾ, ਬਨਾਰਸ, ਗਯਾ, ਧੁਬਰੀ , ਕਾਮਰੂਪ, ਜਗਨਨਾਥ ਪੁਰੀ, ਲੰਕਾ, ਪਾਕ ਪਟਨ, ਕੈਲਾਸ਼ ਪਰਬਤ, ਲੱਦਾਖ,ਕਸ਼ਮੀਰ ਕਾਂਗੜਾ, ਕੁੱਲੂ,ਬੈਜਨਾ, ਜਵਾਲਾਮੁਖੀ ,ਸਿਆਲਕੋਟ ,ਮੱਕਾ ,ਮਦੀਨਾ, ਬਗਦਾਦ, ਕਾਬਲ, ਕੰਧਾਰ, ਪਿਸ਼ਾਵਰ ਹੁੰਦਾ ਹੋਇਆ 1521 ਈ। ਨੂੰ ਸੈਦਪੁਰ ਹੀ ਖਤਮ ਹੋਇਆ। ਗੁਰੂ ਜੀ ਨੇ ਵਰਤਮਾਨ ਦੇਸ਼ਾਂ ਚੀਨ, ਮੰਗੋਲੀਆ, ਤਿੱਬਤ, ਨੇਪਾਲ, ਭੂਟਾਨ, ਲੰਕਾ, ਬ੍ਰਹਮਾ, ਥਾਈਲੈਂਡ, ਈਰਾਨ, ਇਰਾਕ, ਕੁਵੈਤ ਤੇ ਅਫਗਾਨਿਸਤਾਨ ਆਦਿ ਜਾ ਕੇ ਪ੍ਰੇਮ ਅਤੇ ਮਾਨਵਤਾ ਦਾ ਉਪਦੇਸ਼ ਦਿੱਤਾ। ਆਪ ਮਾਤਾ ਤ੍ਰਿਪਤਾ ਲਈ ਨਾਨਕ ਸੁਤ, ਮੁਸਲਮਾਨਾਂ ਲਈ ਨਾਨਕ ਸ਼ਾਹ ਪੀਰ, ਹਿੰਦੂਆਂ ਲਈ ਨਾਨਕ ਦੇਵ, ਜੋਗੀਆਂ ਲਈ ਨਾਨਕ ਨਾਥ ਅਤੇ ਸਮੂਹ ਸਿੱਖ ਜਗਤ ਲਈ 'ਗੁਰੂ ਨਾਨਕ ਸਾਹਿਬ' ਬਣੇ। ਭਾਈ ਗੁਰਦਾਸ ਜੀ (1551-1629 ਈ।) ਦਾ ਕਥਨ ਆਪ ਦੀ ਮੁਰਸ਼ਦ-ਏ-ਆਲਮ ਦੇ ਰੂਪ ਵਿੱਚ ਸਿਫ਼ਤ ਲਈ ਸਾਰਥਕ ਜਾਪਦਾ ਹੈ:

**"ਗੁਰੂ ਨਾਨਕ ਸਭ ਕੇ ਸਿਰਤਾਜਾ॥**
**ਜਿਸ ਕੋ ਸਿਮਰ ਸਰੇ ਸਭ ਕਾਜਾ॥"** **(ਭਾਈ ਗੁਰਦਾਸ ਵਾਰਾਂ)**

ਅਦਵੈਤਵਾਦ ਅਤੇ ਇੱਕ-ਈਸ਼ਵਰਵਾਦ ਦੀ ਭਾਵਨਾ ਨੂੰ ਦ੍ਰਿਸ਼ਟੀ-ਗੋਚਰ ਕਰਦਾ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਮੂਲ ਉਪਦੇਸ਼ ਮਾਨਵ ਕਲਿਆਣ ਹੈ। ਗੁਰੂ ਨਾਨਕ ਨੇ 206 ਸ਼ਬਦ 121 ਅਸ਼ਟਪਦੀਆਂ, 25 ਛੰਦ, 3 ਵਾਰਾਂ ਅਤੇ 256 ਸਲੋਕਾਂ ਦੀ ਸਿਰਜਨਾ ਕੀਤੀ । ਆਪ ਜੀ ਦੇ ਵਿਸ਼ਾਲ ਰਚਨਾ ਖੇਤਰ ਵਿੱਚ ਜਪਜੀ, ਸਿੱਧ ਗੋਸ਼ਟਿ, ਆਸਾ ਦੀ ਵਾਰ, ਬਾਰਾਂਮਾਹ, ਅਲਾਹੁਣੀਆਂ ਅਤੇ ਪੱਟੀ ਸਮੇਤ, ਸਾਰੀਆਂ ਹੀ ਮਹਾਨ ਬਾਣੀਆਂ ਹਨ । ਆਪ ਦੀ ਬਾਣੀ ਰਾਗਾਂ ਵਿੱਚ ਰੱਖੀ ਹੋਈ ਹੈ, ਜਿਨ੍ਹਾਂ ਦੀ ਸੰਗੀਤਕਤਾ ਲੋਕ ਮਨ ਵਿੱਚ ਇਕਸੁਰਤਾ ਅਤੇ ਇਕਾਗਰਤਾ ਪੈਦਾ ਕਰਦੀ ਹੈ, ਪਰ ਇੱਥੇ ਰਾਗਾਂ ਦਾ ਉਪਦੇਸ਼ ਸੰਗੀਤ ਸ਼ਾਸਤਰੀਅਤਾ ਜਾਂ ਵਸ਼ਿਸ਼ਟਤਾ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ ਅਤੇ ਸੁਭਾਵਿਕ ਕੀਰਤਨ ਰਾਹੀਂ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਰਬੀ ਨਾਮ- ਭਰਪੂਰ ਸ਼ਖ਼ਸੀਅਤ ਦੀ ਸਥਾਪਨਾ ਕਰਨਾ ਹੈ । ਅਕਾਲ ਰੂਪ ਬਾਬੇ ਨਾਨਕ ਨਾਲ ਰਬਾਬੀ ਮਰਦਾਨੇ ਦੀ ਸੰਗਤ, ਸਾਧਨਾ ਅਤੇ ਸੰਗੀਤ ਦਾ ਖ਼ੂਬਸੂਰਤ ਸੰਗਮ ਹੈ ।

ਪ੍ਰਸਿੱਧ ਵਿਦਵਾਨ ਸਾਦਿਕ ਅਲੀ ਖਾਨ ਆਪਣੀ ਪੁਸਤਕ 'ਸਰਮਾਇਆ ਇਸ਼ਰਤ' ਵਿੱਚ ਲਿਖਦਾ ਹੈ, ਜਿੱਥੇ ਹੋਰ ਬੇਅੰਤ ਗੁਣ ਗੁਰੂ ਨਾਨਕ ਸਾਹਿਬ ਵਿੱਚ ਸਨ, ਉੱਥੇ ਉਹ ਇੱਕ ਮਹਾਨ ਸੰਗੀਤਕਾਰ ਵੀ ਸਨ। ਛੇ ਤਾਰਾਂ ਵਾਲਾ ਰਬਾਬ ਉਨ੍ਹਾਂ ਦੀ ਹੀ ਕਾਢ ਹੈ । ਗੁਰੂ ਨਾਨਕ ਸਾਹਿਬ ਦੇ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸ੍ਰੀ ਰਾਗ, ਮਾਝ ,ਗਾਉੜੀ, ਆਸਾ, ਗੁਜਰੀ, ਵਡਹੰਸ, ਸੋਰਠ,ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਸਮੇਤ 19 ਰਾਗਾਂ ਵਿੱਚ ਮਿਲਦੇ ਹਨ । ਰਾਗ ਬਿਹਾਗੜਾ ਵਿੱਚ ਆਪ ਨੇ ਸਿਰਫ ਸਲੋਕ ਹੀ ਰਚੇ ਹਨ। ਗੁਰੂ ਨਾਨਕ ਰਚਨਾ ਦੀ ਵਿਲੱਖਣ ਨੁਹਾਰ ਦਾ ਕਾਰਨ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ । ਇਸ ਵਿੱਚਲੀ ਭਾਸ਼ਾ, ਸਦੀਵੀ ਸਮਝੀ ਜਾਣ ਵਾਲੀ ਤੇ ਲੋਕ ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ ।

ਗੁਰੂ ਨਾਨਕ ਬਾਣੀ ਪੰਜਾਬੀ, ਸੰਸਕ੍ਰਿਤ, ਪ੍ਰਾਕ੍ਰਿਤਕ ਅਤੇ ਫਰਸੀ ਭਾਸ਼ਾ ਵਿੱਚ ਮਿਲਦੀ ਹੈ।ਜਿੱਥੇ ਆਪ ਨੇ ਬੇਹੱਦ ਮਿੱਠੀ ਬੋਲੀ ਰਾਹੀਂ ਰੂਹਾਨੀ ਫ਼ਲਸਫ਼ੇ ਨੂੰ ਬਿਆਨਿਆ ਹੈ, ਉੱਥੇ ਸਿੰਘ ਗਰਜ ਵਾਲੀ ਕਰੜੀ ਭਾਸ਼ਾ ਰਾਹੀਂ ਅੱਤਿਆਚਾਰੀ ਸ਼ਾਸਕ ਨੂੰ ਤਾੜਨਾ ਵੀ ਕੀਤੀ ਹੈ । ਆਪ ਦੀ ਰਚਨਾ ਰੰਗ- ਬਿਰੰਗੀ ਭਾਸ਼ਾ ਦੇ ਗੁਲਦਸਤੇ ਦੇ ਰੂਪ ਵਿੱਚ ਸੁਸ਼ੋਭਿਤ ਹੈ, ਜੋ ਆਪ ਨੂੰ ਵਿਸ਼ਵ ਦੇ ਮਹਾਨ ਭਾਸ਼ਾ ਵਿਗਿਆਨੀ ਵਜੋਂ ਦਰਸਾਉਂਦੀ ਹੈ । ਆਪ ਦੀ ਬੋਲੀ ਦਾ ਜੁੱਸਾ ਤੇ ਮੁਹਾਵਰਾ ਠੇਠ ਪੰਜਾਬੀ ਹੈ, ਜਿਸ ਨੇ ਨਿੱਗਰ- ਨਰੋਈ ਅਤੇ ਉਸਾਰੂ ਸ਼ਬਦਾਵਲੀ ਰਾਹੀਂ ਪੰਜਾਬੀ ਕਵਿਤਾ ਨੂੰ ਦੁਨੀਆਂ ਦੇ ਸਰਵੋਤਮ ਸਾਹਿਤ ਦੇ ਰੂਪ ਵਿੱਚ ਵਿਖਿਆਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਦੇ ਸ਼ਬਦ ਭੰਡਾਰਾਂ ਵਿੱਚ ਚਿੰਨ੍ਹ, ਪ੍ਰਤੀਕ, ਅਲੰਕਾਰ, ਰਸ, ਸ਼ਬਦ- ਚਿੱਤਰ, ਬੋਲ -ਚਿੱਤਰ ਆਦਿ ਰਹੱਸਮਈ ਭਾਸ਼ਾ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ । ਜਿਵੇਂ ਧਰਤੀ- ਆਕਾਸ਼, ਬਾਰਕ- ਮਾਤਾ, ਸਹੁਰਾ- ਪੇਕਾ, ਸੁਹਾਗਣ -ਦੁਹਾਗਣ, ਬੇੜੀ-ਤੁਲਹਾ, ਮੋਹਿਤ-ਸਾਗਰ, ਦੀਵ- ਬੱਤੀ ਮਿਰਗ-ਕਸਤੂਰੀ ਆਦਿ ਸਮੇਤ ਸਮੁੱਚੀ ਸ੍ਰਿਸ਼ਟੀ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ। ਗੁਰੂ ਸਾਹਿਬ ਧੁਰ ਕੀ ਅਤੇ ਖਸਮ ਕੀ ਬਾਣੀ ਦੀ, ਆਵੇਸ਼ ਵਿੱਚ ਸਰੋਦੀ ਹੂਕ ਦੇ ਹਿਰਦੇ ਵਿੱਚ ਉੱਠਣ 'ਤੇ ਰਚਨਾ ਕਰਦੇ ਹਨ ।



ਆਪ ਦੇ ਪਾਕਿ-ਪਵਿੱਤਰ ਕਲਾਮ ਨੂੰ ਸਲਾਮ ਕਰਦਾ ਡਾ। ਮੁਹੰਮਦ ਇਕਬਾਲ ਜਿੱਥੇ ਆਪ ਨੂੰ 'ਮਰਦੇ-ਕਾਮਿਲ' ਆਖਦਾ ਹੈ, ਉੱਥੇ 'ਐਨ ਇਨਸਾਈਕਲੋਪੀਡੀਆ ਆਫ ਇਸਲਾਮ' ਦੀ ਚੌਥੀ ਜਿਲਦ ਵਿੱਚ ਆਪ ਦਾ ਸਾਰੀ ਸਿੱਖਿਆ ਦਾ ਉਪਦੇਸ਼ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰੇ ਦੀ ਸਿਰਜਣਾ ਅਤੇ ਫਿਰਕਾਪ੍ਰਸਤੀ ਤੇ ਵਹਿਮ-ਭਰਮ ਦਾ ਖਾਤਮਾ ਦੱਸਿਆ ਗਿਆ ਹੈ।

**"ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦ-ਏ-ਕਾਮਲ ਨੇ ਜਗਾਇਆ ਖ਼ੁਆਬ ਸੇ।** **(ਡਾ ਅੱਲਾਮਾ ਇਕਬਾਲ)**

ਗੁਰੂ ਨਾਨਕ ਧਾਰਾ ਵਿਚ ਬੀਬੀ ਨਾਨਕੀ ਦਾ ਪ੍ਰੇਮ, ਰਾਏ ਬੁਲਾਰ ਦੀ ਸ਼ਰਧਾ, ਭਾਈ ਲਾਲੋ ਦੀ ਕਿਰਤ, ਮਰਦਾਨੇ ਦੀ ਰਬਾਬ, ਬਾਬਾ ਬੁੱਢਾ ਜੀ ਦੀ ਦੂਰ-ਦ੍ਰਿਸ਼ਟੀ ਅਤੇ ਭਾਈ ਲਹਿਣਾ ਜੀ ਦੀ ਆਨੰਦ ਪ੍ਰੇਮ-ਭਗਤੀ ਸਤਰੰਗੀ ਪੀਂਘ ਬਣ ਕੇ ਸਦਾਚਾਰਿਕਤਾ ਅਤੇ ਅਧਿਆਤਮਿਕਤਾ ਦਾ ਅਲੌਕਿਕ ਸੰਗਮ ਪੇਸ਼ ਕਰਦੇ ਹਨ। ਇੱਥੇ ਦੁਨੀਆਂ ਦੀ ਤਾਰੀਖ਼ ਵਿੱਚ ਚੇਲੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇ ਰੂਪ ਵਿੱਚ ਸਥਾਪਿਤ ਕਰਦੇ ਹੋਏ, ਗੁਰੂ-ਚੇਲੇ ਦੀ ਵਚਿੱਤਰ ਪਰੰਪਰਾ ਦਾ ਆਗਾਜ਼ ਹੁੰਦਾ ਹੈ ।

ਸਮੁੱਚੇ ਰੂਪ ਵਿੱਚ ਗੁਰੂ ਨਾਨਕ ਸੰਦੇਸ਼ ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਗ੍ਰਹਿਸਤ ਤੇ ਉਦਾਸੀ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ , ਆਦਰਸ਼ ਤੇ ਯਥਾਰਥ ਦਾ, ਇਨਸਾਨ ਤੇ ਪ੍ਰਾਕਿਰਤੀ ਦਾ, ਧਰਮ ਤੇ ਕਰਮ ਦਾ ਅਤੇ ਭਗਤੀ ਤੇ ਸ਼ਕਤੀ ਦਾ ਅਤਿਅੰਤ ਸੁੰਦਰ ਤੇ ਸੰਤੁਲਿਤ ਸੁਮੇਲ ਹੈ, ਜਿਸ ਦੀ ਰੌਸ਼ਨੀ ਤੇ ਨਿੱਘ ਰਹਿੰਦੀ ਦੁਨੀਆਂ ਤੱਕ ਮਨੁੱਖੀ ਸਭਿਅਤਾ ਲਈ 'ਚਾਨਣ ਦੇ ਵਣਜਾਰੇ' ਬਣੇ ਰਹਿਣਗੇ ਅਤੇ 'ਨਾਨਕ' ਸ਼ਬਦ ਹਰ ਰਸਨਾ ਉਪਰ ਲੋਕ-ਮੁਹਾਵਰਾ ਬਣ ਕੇ ਗੂੰਜਦਾ ਰਹੇਗਾ :

**"ਸਿੱਧ ਬੋਲਨਿ ਸ਼ੁਭ ਬਚਨ,**
**ਧੰਨ ਨਾਨਕ ਤੇਰੀ ਵਡੀ ਕਮਾਈ॥"**
**(ਵਾਰਾਂ ਭਾਈ ਗੁਰਦਾਸ)**







# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸਵ: ਤਾਰਾ ਸਿੰਘ ਹੇਅਰ ਅਤੇ ਸਵ: ਗਿੱਲ ਮੋਰਾਂ ਵਾਲੀ ਦੀ ਯਾਦ ਨੂੰ ਸਮਰਪਣ

ਸਰੀ (ਰੂਪਿੰਦਰ ਖਹਿਰਾ ਰੂਪੀ)-ਸ਼ਨਿੱਚਰਵਾਰ ਬਾਅਦ ਦੁਪਹਿਰ 12:30 ਵਜੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ ਇੰਡੋਕਨੇਡੀਅਨ ਟਾਈਮਸ ਅਤੇ ਸਭਾ ਦੇ ਬਾਨੀ ਸਵ: ਤਾਰਾ ਸਿੰਘ ਹੇਅਰ ਅਤੇ ਸ਼ਾਇਰ ਗਿੱਲ ਮੋਰਾਂ ਵਾਲੀ ਦੀ ਯਾਦ ਨੂੰ ਸਮਰਪਿਤ ਕੀਤੀ ਗਈ । ਇਸ ਮੌਕੇ ਮੁੱਖ ਬੁਲਾਰੇ ਪ੍ਰਸਿੱਧ ਸਾਹਿਤਕਾਰ , ਨਾਟਕ ਕਾਰ ਰਵਿੰਦਰ ਰਵੀ ਅਤੇ ਲੇਖਕ, ਨਾਵਲਕਾਰ ਨਦੀਮ ਪਰਮਾਰ ਰਹੇ । ਸਮਾਗਮ ਦੀ ਪ੍ਰਧਾਨਗੀ ਪ੍ਰਧਾਨ- ਪ੍ਰਿਤਪਾਲ ਗਿੱਲ ਅਤੇ ਮੰਚ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋ ਨਿਭਾਇਆ ਗਿਆ। ਆਰੰਭ ਵਿੱਚ ਪ੍ਰਿਤਪਾਲ ਗਿੱਲ ਵੱਲੋਂ ਸਵ: ਤਾਰਾ ਸਿੰਘ ਹੇਅਰ ਅਤੇ ਸਵ: ਗਿੱਲ ਮੋਰਾਂ ਵਾਲੀ ਬਾਰੇ ਜਾਣਕਾਰੀ ਦਿੱਤੀ ਗਈ ਤੇ ਮੁੱਖ ਬੁਲਾਰਿਆਂ ਦਾ ਸਵਾਗਤ ਕੀਤਾ ਗਿਆ। ਨਰਿੰਦਰ ਬਾਈਆ ਵੱਲੋਂ ਗਿੱਲ ਮੋਰਾਂ ਬਾਰੇ ਸੰਖੇਪ ਸਹਿਤ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗਿੱਲ ਮੋਰਾਂ ਵਾਲੀ ਦੇ ਪਰਿਵਾਰ ਵਿੱਚੋਂ ਜੀਰੀ ਗਿੱਲ (ਪਤਨੀ), ਬੇਟੀਆਂ (ਜਸਤੇਜ ਅਤੇ ਨਵਤੇਜ ਗਿੱਲ) ਸ਼ਾਮਿਲ ਹੋਏ। ਪਰਿਵਾਰ ਵੱਲੋਂ ਕੁਝ ਸ਼ਬਦਾਂ ਦੀ ਸਾਂਝ ਵੀ ਪਾਈ ਗਈ । ਉਪਰੰਤ ਰਵਿੰਦਰ ਰਵੀ ਵੱਲੋਂ ਗਿੱਲ ਸਾਹਿਬ ਅਤੇ ਸਵ:ਤਾਰਾ ਸਿੰਘ ਹੇਅਰ ਦੀ ਜੀਵਨੀ , ਕੇਂਦਰੀ ਲੇਖਕ ਸਭਾ ਨਾਲ ਸਾਂਝ ,ਬਾਨੀ ਮੈਂਬਰ ਵੱਜੋਂ ਇੰਡੋਕਨੇਡੀਅਨ ਟਾਈਮਸ ਦੀ ਸਥਾਪਤੀ ਲਈ ਜਦੋ ਜਹਿਦ ਬਾਰੇ ਵਿਸਥਾਰ ਸਹਿਤ ਸਾਂਝ ਪਾਈ। ਪ੍ਰਸਿੱਧ ਲੇਖਕ ਨਦੀਮ ਪਰਮਾਰ ਵੱਲੋਂ ਸਵ: ਤਾਰਾ ਸਿੰਘ ਹੇਅਰ ਅਤੇ ਸਵ: ਸ਼ਾਇਰ ਗਿੱਲ ਮੋਰਾਂ ਵਾਲੀ ਬਾਰੇ ਸੰਖੇਪ ਸਾਹਿਤ ਜਾਣਕਾਰੀ ਦਿੱਤੀ ਗਈ। ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਅਤੇ ਰੂਪਿੰਦਰ ਰੂਪੀ ਵੱਲੋਂ ਗਿੱਲ ਮੋਰਾਂ ਵਾਲੀ ਦੀਆ ਰਚਨਾਵਾਂ ਤਰੰਨਮ ਵਿੱਚ ਸਾਂਝੀਆਂ ਕੀਤੀਆਂ ਗਈਆਂ। ਡਾਇਰੈਕਟਰ ਦਰਸ਼ਨ ਸੰਘਾ ਨੇ ਦੋਨਾਂ ਸ਼ਖਸੀਅਤਾਂ ਨੂੰ ਕੁਝ ਸ਼ਬਦਾ ਨਾਲ ਸ਼ਰਧਾਂਜਲੀ ਭੇਂਟ ਕੀਤੀ ਗਈ। ਲੇਖਿਕਾ ਸੁਰਜੀਤ ਕਲਸੀ ਨੇ ਤਾਰਾ ਸਿੰਘ ਹੇਅਰ ਅਤੇ ਗਿੱਲ ਮੋਰਾਂ ਵਾਲੀ ਨੂੰ ਆਪਣੇ ਸ਼ਬਦਾਂ ਵਿੱਚ ਸ਼ਰਧਾਂਜਲੀ ਭੇਂਟ ਕੀਤੀ ਗਈ। ਪਲਵਿੰਦਰ ਸਿੰਘ ਰੰਧਾਵਾ (ਗੀਤ), ਹਰਚੰਦ ਬਾਗੜੀ (ਕਵਿਤਾ) ਅਤੇ ਰਾਜਵੰਤ ਚਿਲਾਨਾ, ਦਵਿੰਦਰ ਬਚੜਾ ਸ਼ਾਮਿਲ ਹੋਏ। ਅੰਤ ਵਿਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਮੁੱਖ ਬੁਲਾਰਿਆਂ ਅਤੇ ਸਭ ਮੈਬਰਾਂ ਦਾ ਧੰਨਵਾਦ ਕੀਤਾ ਗਿਆ।




## ਸਰਦਾਰਨੀ ਜਗੀਰ ਕੌਰ ਰਾਏ ਸੁਰਗਵਾਸ

ਸਰੀ (ਹਰਦਮ ਮਾਨ)-ਬੜੇ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਜਗੀਰ ਕੌਰ ਰਾਏ ਸੁਪਤਨੀ ਸ। ਸਾਧੂ ਸਿੰਘ ਰਾਏ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ 8 ਨਵੰਬਰ 2021 ਨੂੰ ਸੁਰਗਵਾਸ ਹੋ ਗਏ ਹਨ। ਉਨ੍ਹਾਂ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ 19 ਨਵੰਬਰ 2021 ਨੂੰ ਬਾਅਦ ਦੁਪਹਿਰ ਇਕ ਵਜੇ ਰਿਵਰਸਾਈਡ ਫਿਊਨਰਲ ਹੋਮ (7410 ਹੌਪਕੌਂਟ ਰੋਡ) ਡੈਲਟਾ ਬੀ ਸੀ। ਵਿਖੇ ਕੋਵਿਡ-19 ਦੀਆਂ ਪਾਬੰਦੀਆਂ ਤਹਿਤ ਹੋਵੇਗਾ ਅਤੇ ਬਾਅਦ ਵਿਚ ਉਨ੍ਹਾਂ ਦੀ ਆਤਮਿਕ ਸ਼ਾਤੀ ਲਈ ਰੱਖੇ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, (8115, 132 ਸਟਰੀਟ) ਸਰੀ ਵਿਖੇ ਹੋਵੇਗੀ। ਪਰਿਵਾਰ ਅਤੇ ਸ। ਸਾਧੂ ਸਿੰਘ ਰਾਏ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 604-599-7224 ਜਾਂ 604-704-9334 'ਤੇ ਸੰਪਰਕ ਕੀਤਾ ਜਾ ਸਕਦਾ ਹੈ।




## 'ਸਤਯਮੇਵ ਜਯਤੇ 2' ਪਿੱਛੋਂ ਮੁਕੇਸ਼ ਭੱਟ ਦੀ ਫਿਲਮ ਵਿੱਚ ਜਾਨ ਅਤੇ ਦਿਵਿਆ ਖੋਸਲਾ ਨਜ਼ਰ ਆਉਣਗੇ

ਮੁੰਬਈ-'ਸਤਯਮੇਵ ਜਯਤੇ 2' ਨੂੰ ਲੈ ਕੇ ਜਾਨ ਅਬਰਾਹਮ ਇਨ੍ਹੀਂ ਦਿਨੀਂ ਚਰਚਾ ਵਿੱਚ ਹਨ। ਇਸ ਵਿੱਚ ਉਸ ਦੇ ਨਾਲ ਦਿਵਿਆ ਖੋਸਲਾ ਕੁਮਾਰ ਵੀ ਹੈ। ਇੰਡਸਟਰੀ ਵਿੱਚ ਅਜਿਹੀ ਚਰਚਾ ਹੈ ਕਿ ਇਸ ਦੇ ਬਾਅਦ ਜਾਨ ਅਤੇ ਦਿਵਿਆ ਦੀ ਜੋੜੀ ਮੁਕੇਸ਼ ਭੱਟ ਦੀ ਅਗਲੀ ਫਿਲਮ ਵਿੱਚ ਨਜ਼ਰ ਆਏਗੀ। ਸੂਤਰਾਂ ਦੀ ਮੁਤਾਬਕ, "ਦੋਵੇਂ ਕਲਾਕਾਰ ਫਿਲਹਾਲ 'ਸਤਯਮੇਵ ਜਯਤੇ 2 ਦੇ ਪ੍ਰਮੋਸ਼ਨ ਵਿੱਚ ਕਾਫੀ ਬਿਜ਼ੀ ਹਨ। ਚਰਚਾ ਹੈ ਕਿ ਉਹ ਮੁਕੇਸ਼ ਦੇ ਅਗਲੇ ਪ੍ਰੋਜੈਕਟ ਨੂੰ ਲੀਡ ਕਰ ਸਕਦੇ ਹਨ। ਮੁਕੇਸ਼ ਨੇ ਵੀ ਦੱਸਿਆ ਕਿ ਫਿਲਹਾਲ ਅਜੇ ਤੱਕ ਕੁਝ ਵੀ ਤੈਅ ਨਹੀਂ ਹੋਇਆ ਹੈ। ਕਾਸਟਿੰਗ ਦਾ ਪ੍ਰੋਸੈਸ ਚੱਲ ਰਿਹਾ ਹੈ। ਸਕ੍ਰਿਪਟਿੰਗ ਉੱਤੇ ਕੰਮ ਕੀਤਾ ਜਾ ਰਿਹਾ ਹੈ। ਜਿਵੇਂ ਹੀ ਕੁਝ ਫਾਈਨਲ ਹੋਵੇਗਾ, ਉਸ ਦੀ ਅਨਾਊਂਸਮੈਂਟ ਕਰ ਦਿੱਤੀ ਜਾਵੇਗੀ।

## ਮੇਰੀ ਭੈਣ ਪੰਜਾਬ ਸਿਆਸਤ 'ਚ ਆਵੇਗੀ ਪਰ ਮੈਂ ਨਹੀਂ-ਸੋਨੂੰ ਸੂਦ

ਚੰਡੀਗੜ੍ਹ-ਅਦਾਕਾਰ ਅਤੇ ਸਮਾਜ ਸੇਵੀ ਸੋਨੂੰ ਸੂਦ ਨੇ ਕਿਹਾ ਹੈ ਕਿ ਉਨ੍ਹਾਂ ਦੀ ਭੈਣ ਮਾਲਵਿਕਾ ਰਾਜਨੀਤੀ ਵਿੱਚ ਆ ਰਹੀ ਹੈ ਪਰ ਉਨ੍ਹਾਂ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ। ਸੂਦ ਵੱਲੋਂ ਆਪਣੀ ਭੈਣ ਦੇ ਰਾਜਨੀਤੀ ਵਿੱਚ ਆਉਣ ਦੇ ਐਲਾਨ ਤੋਂ ਬਾਅਦ ਸਾਫ਼ ਲੱਗ ਰਿਹਾ ਹੈ ਮਾਲਵਿਕਾ ਮੋਗਾ ਤੋਂ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜ ਸਕਦੀ ਹੈ। ਮੋਗਾ ਜ਼ਿਲੇ ਦੇ ਰਹਿਣ ਵਾਲੇ ਸੂਦ ਨੇ ਕਿਹਾ ਕਿ ਉਸ ਦੀ ਭੈਣ ਨੇ ਪਿਛਲੇ ਸਮੇਂ ਵਿੱਚ ਬਹੁਤ ਵਧੀਆ ਕੰਮ ਕੀਤੇ ਹਨ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St.,
Surrey, BC, V3W 4E8

satvir.cheema@century21.ca



PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 20 ਨਵੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465



*For All Your Real Estate Needs*

**Amrik Cheema**
*PREC
**604-369-7000**



CENTURY 21 Coastal Realty Ltd.
#105-7928 128th St.,
Surrey, BC, V3W 4E8

info@amrikcheema.com


# ਚੀਨ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਬਣ ਗਿਆ

ਬੀਜਿੰਗ-ਚੀਨ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਹੋ ਗਿਆ ਹੈ। ਵਿਸ਼ਵ ਪੱਧਰੀ ਆਮਦਨ ਵਿੱਚ 60 ਫ਼ੀਸਦੀ ਤੋਂ ਵੱਧ ਦੀ ਹਿੱਸੇਦਾਰੀ ਰੱਖਣ ਵਾਲੇ 10 ਦੇਸ਼ਾਂ ਦੀਆਂ ਬੈਲੇਂਸਸ਼ੀਟਵੇਖਣ ਵਾਲੀ ਕੰਸਲਟੈਂਟ ਮੈਕਿੰਜੀ ਐਂਡ ਕੰਪਨੀ ਦੀ ਰਿਸਰਚ ਸ਼ਾਖਾ ਦੀ ਰਿਪੋਰਟ ਅਨੁਸਾਰ ਪਿਛਲੇ 20 ਸਾਲਾਂ ਵਿੱਚ ਦੁਨੀਆ ਦੀ ਜਾਇਦਾਦ ਤਿੰਨ ਗੁਣਾ ਵਧੀ ਹੈ। ਇਨ੍ਹਾਂ ਜਾਇਦਾਦਾਂ ਵਿੱਚ ਚੀਨ ਦੀ ਹਿੱਸੇਦਾਰੀ ਇੱਕ ਤਿਹਾਈ ਹੈ। ਇਸ ਰਿਪੋਰਟ ਅਨੁਸਾਰ ਸਾਲ 2000 ਵਿੱਚ ਜਿੱਥੇ ਦੁਨੀਆ ਭਰ ਦੀ ਜਾਇਦਾਦ 156 ਟ੍ਰਿਲੀਅਨ ਡਾਲਰ ਸੀ, ਉਥੇ 2020 ਵਿੱਚ ਵੱਧ ਕੇ 514 ਟ੍ਰਿਲੀਅਨ ਡਾਲਰ ਹੋ ਗਈ। ਚੀਨ ਦੀ ਜਾਇਦਾਦ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਸਾਲ 2000 ਵਿੱਚ ਉਸਦੀ ਜਾਇਦਾਦ ਕੇਵਲ ਸੱਤ ਟ੍ਰਿਲੀਅਨ ਡਾਲਰ ਸੀ ਅਤੇ 2020 ਤਕ ਵੱਧ ਕੇ 120 ਟ੍ਰਿਲੀਅਨ ਡਾਲਰ ਤੱਕ ਪੁੱਜ ਗਈ। ਦੂਸਰੇ ਨੰਬਰ ਉੱਤੇਅਮਰੀਕਾ ਦੀ ਜਾਇਦਾਦ 20 ਸਾਲਾਂ ਵਿੱਚ ਦੋਗੁਣੀ ਹੋਈ ਹੈ। ਸਾਲ 2020 ਵਿੱਚ ਅਮਰੀਕੀ ਜਾਇਦਾਦ 90 ਟ੍ਰਿਲੀਅਨ ਡਾਲਰ ਤਕ ਪੁੱਜ ਗਈ। ਰਿਪੋਰਟ ਅਨੁਸਾਰ ਅਮਰੀਕਾ ਵਿੱਚ ਜਾਇਦਾਦ ਦੇ ਭਾਅ ਵਿੱਚ ਬਹੁਤਾ ਵਾਧਾ ਨਾ ਹੋਣ ਕਾਰਨ ਅਮਰੀਕੀ ਜਾਇਦਾਦ ਚੀਨ ਦੇ ਮੁਕਾਬਲੇ ਘੱਟ ਰਹੀ ਅਤੇ ਉਸ ਨੂੰ ਦੂਸਰੇ ਨੰਬਰ ਉੱਤੇ ਜਾਣਾ ਪਿਆ। ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ ਕਿ ਦੁਨੀਆ ਵਿੱਚ ਸਭ ਤੋਂ ਵੱਧ ਜਾਇਦਾਦ ਵਾਲੇ ਚੀਨ ਅਤੇ ਅਮਰੀਕਾ ਵਿੱਚ ਧਨ ਦਾ ਵੱਡਾ ਹਿੱਸਾ ਕੇਵਲ ਕੁਝ ਅਮੀਰ ਲੋਕਾਂ ਕੋਲ ਹੈ। ਰਿਪੋਰਟ ਅਨੁਸਾਰ ਦੋਵਾਂ ਦੇਸ਼ਾਂ ਵਿੱਚ ਕੇਵਲ 10 ਫੀਸਦੀ ਆਬਾਦੀ ਕੋਲ ਜਾਇਦਾਦ ਦਾ ਦੋ ਤਿਹਾਈ ਹਿੱਸਾ ਹੈ ਅਤੇ ਇਨ੍ਹਾਂ ਦੇ ਸ਼ੇਅਰ ਲਗਾਤਾਰ ਵਧ ਰਹੇ ਹਨ। ਮੈਕਿੰਜੀ ਦੀ ਰਿਪੋਰਟ ਦੱਸਦੀ ਹੈ ਕਿ ਦੁਨੀਆ ਦਾ 68 ਫ਼ੀਸਦੀ ਪੈਸਾ ਰਿਅਲ ਅਸਟੇਟ ਵਿੱਚ ਲੱਗਾ ਹੋਇਆ ਹੈ। ਦੂਜੇ ਪਾਸੇ ਬਾਕੀ ਦੀ ਜਾਇਦਾਦ ਵਿੱਚ ਬੁਨਿਆਦੀ ਢਾਂਚਾ, ਮਸ਼ੀਨੀਰੀ ਅਤੇ ਉਪਕਰਨ ਵਰਗੀਆਂ ਚੀਜ਼ਾਂ ਸ਼ਾਮਲ ਹਨ।




**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
**604-356-5555**

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
**604-356-5555**



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828


MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਪਤਨੀ ਦੇ ਕਾਤਲ ਭਾਰਤੀ ਮੂਲ ਦੇ ਵਿਅਕਤੀ ਨੂੰ ਉਮਰ ਕੈਦ



ਲੰਡਨ-ਗੁੱਸੇ ਵਿੱਚ ਪਤਨੀ ਨੂੰ 18 ਵਾਰ ਚਾਕੂ ਮਾਰ ਕੇ ਮਾਰਨ ਵਾਲੇ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਬ੍ਰਿਟੇਨ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੱਖਣ-ਪੂਰਬੀ ਇੰਗਲੈਂਡ ਦੇ ਮਿਲਟਨ ਕੀਨਸ ਇਲਾਕੇ ਵਿੱਚ ਰਹਿਣ ਵਾਲੇ ਅਨਿਲ ਗਿੱਲ (47) ਨੇ ਪੁਲਸ ਨੂੰ ਫੋਨ ਉੱਤੇ ਇਹ ਕਹਿ ਕੇ ਆਪਣੇ ਘਰ ਸੱਦਿਆ ਕਿ ਉਸਦੀ ਪਤਨੀ ਰਣਜੀਤ ਗਿੱਲ (43) ਦੀ ਹੱਤਿਆ ਹੋ ਗਈ ਹੈ। ਪੁਲਸ ਨੂੰ ਰਣਜੀਤ ਦੀ ਲਾਸ਼ ਘਰ ਦੇ ਗੈਰੇਜ ਵਿੱਚ ਰਜਾਈ ਵਿੱਚਲਿਪਟੀ ਹੋਈ ਕੂੜੇ ਵਾਲੇ ਬੈਗ ਵਿੱਚ ਬੰਦ ਮਿਲੀ ਸੀ। ਉਸ ਦੇ ਸਰੀਰ ਉੱਤੇ ਚਾਕੂਆਂ ਦੇ ਕਈ ਨਿਸ਼ਾਨ ਸਨ। ਉਹ ਕੁਝ ਸਮਾਂ ਪਹਿਲਾਂ ਮਰੀ ਸੀ। ਟੇਮਸ ਵੈਲੀ ਪੁਲਸ ਅਨੁਸਾਰ ਅਨਿਲ ਸ਼ੁਰੂ ਵਿੱਚ ਲਗਾਤਾਰ ਇਹ ਦਾਅਵਾ ਕਰਦਾ ਰਿਹਾ ਕਿ ਉਹ ਹੱਤਿਆ ਦਾ ਦੋਸ਼ੀ ਨਹੀਂ, ਪਰ ਪੁੱਛਗਿੱਛਦੀ ਸਖ਼ਤੀ ਉੱਤੇਮੰਨ ਲਿਆ ਕਿ ਉਸ ਨੇ ਗੁੱਸੇ ਵਿੱਚ ਆ ਕੇ ਚਾਕੂ ਮਾਰ ਕੇ ਪਤਨੀ ਦੀ ਹੱਤਿਆ ਕਰ ਦਿੱਤੀ ਸੀ। ਉਸ ਨੇ ਕਿਹਾ ਕਿ ਉਹ ਰਣਜੀਤ ਦੀ ਹੱਤਿਆ ਨਹੀਂ ਕਰਨੀ ਚਾਹੁੰਦਾ ਸੀ। ਹੱਤਿਆ ਤੋਂ ਬਾਅਦ ਉਸ ਨੇ ਵਾਰਦਾਤ ਵਾਲੀ ਜਗ੍ਹਾ ਸਾਫ਼ ਕੀਤੀ ਅਤੇ ਰਣਜੀਤ ਜੀ ਲਾਸ਼ ਰਜਾਈ ਵਿੱਚ ਲਪੇਟ ਕੇ ਬੈਗ ਵਿੱਚ ਬੰਦ ਕੀਤੀ ਅਤੇ ਗੈਰੇਜ ਵਿੱਚ ਟਿਕਾਣੇ ਲਾਉਣ ਤੋਂ ਬਾਅਦ ਨਹਾ ਕੇ ਸੌਂ ਗਿਆ। ਉਠਣ ਪਿੱਛੋਂ ਉਸ ਨੇ ਪੁਲਸ ਨੂੰ ਫ਼ੋਨ ਕੀਤਾ। ਅਨਿਲ ਉੱਤੇ ਹੱਤਿਆ ਦੇ ਦੋਸ਼ ਫਰਵਰੀ ਵਿੱਚ ਤੈਅ ਕੀਤੇ ਗਏ ਸਨ ਅਤੇ ਕੱਲ੍ਹ ਉਸ ਨੂੰ ਲਿਊਟਨ ਕਰਾਊਨ ਕੋਰਟ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਅਨਿਲ ਨੂੰ 22 ਸਾਲ ਤਕ ਸੀਖਾਂ ਦੇ ਪਿੱਛੇ ਰਹਿਣ ਤੋਂ ਬਾਅਦ ਹੀ ਪੈਰੋਲ ਮਿਲ ਸਕੇਗੀ।



# ਰੂਸ ਵੱਲੋਂ ਭਾਰਤ ਨੂੰ ਐਸ-400 ਮਿਜ਼ਾਈਲ ਸਿਸਟਮ ਦੀ ਸਪਲਾਈ ਤੋਂ ਅਮਰੀਕਾ ਫਿਕਰਮੰਦ

ਵਾਸ਼ਿੰਗਟਨ-ਅਮਰੀਕਾ ਨੇ ਰੂਸ ਵੱਲੋਂ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲੇ ਐਸ-400 ਮਿਜ਼ਾਈਲ ਸਿਸਟਮਭਾਰਤ ਨੂੰ ਸਪਲਾਈ ਕਰਨ ਉੱਤੇ ਚਿੰਤਾ ਜ਼ਾਹਰ ਕੀਤੀ ਹੈ, ਪਰ ਏਦਾਂ ਦ ਫੈਸਲਾ ਨਹੀਂ ਕੀਤਾ ਕਿ ਉਹ ਇਸ ਸੌਦੇ ਨਾਲ ਕਿਵੇਂ ਨਜਿੱਠੇਗਾ। ਪੈਂਟਾਗਨ ਦੇ ਇੱਕ ਸੀਨੀਅਰ ਅਫਸਰ ਨੇ ਇਹ ਗੱਲ ਕਹੀ। ਐਸ-400 ਨੂੰ ਲੰਮੀ ਦੂਰੀ ਦੀ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲਾ ਰੂਸ ਦਾ ਸਭ ਤੋਂ ਆਧੁਨਿਕ ਹਥਿਆਰ ਸਿਸਟਮਮੰਨਿਆ ਜਾਂਦਾ ਹੈ। ਇਸ ਸਪਲਾਈ ਉੱਤੇ ਭਾਰਤੀ ਹਵਾਈ ਫੌਜ ਨੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ, ਪਰ ਰੂਸ ਦੀ ਫੌਜੀ ਤਕਨੀਕ ਸਹਿਯੋਗ ਲਈ ਫੈਡਰਲ ਸੇਵਾ (ਐਫ ਐਸ ਐਮ ਟੀ ਸੀ) ਦੇ ਡਾਇਰੈਕਟਰ ਦਮਿੱਤਰ ਸ਼ੁਗਾਏਵ ਨੇ ਦੱਸਿਆ ਸੀ ਕਿ ਇਸ ਮਿਜ਼ਾਈਲ ਦੀ ਸਪਲਾਈ ਯੋਜਨਾਬੱਧ ਢੰਗ ਨਾਲ ਚੱਲਦੀ ਪਈ ਹੈ। ਪੈਂਟਾਗਨ ਦੇ ਬੁਲਾਰੇ ਜੌਹਨ ਕਿਰਬੀ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਅਸੀਂ ਇਸ ਤਕਨੀਕ ਬਾਰੇ ਆਪਣੀ ਚਿੰਤਾ ਆਪਣੇ ਭਾਰਤੀ ਭਾਈਵਾਲ ਕੋਲ ਬਹੁਤ ਸਪੱਸ਼ਟ ਪ੍ਰਗਟ ਕਰ ਚੁੱਕੇ ਹਾਂ।" ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਭਾਰਤ ਨੂੰ ਐਸ-400 ਦੀ ਪਹਿਲੀ ਖੇਪ ਮਿਲਣ ਤੋਂ ਰੱਖਿਆ ਵਿਭਾਗਕਿੰਨਾ ਫਿਕਰਮੰਦ ਹੈ। ਕਿਰਬੀ ਨੇ ਸੰਕੇਤ ਦਿੱਤਾ ਕਿ ਅਮਰੀਕਾ ਨੇ ਅਜੇ ਇਸ ਬਾਰੇ ਫੈਸਲਾ ਨਹੀਂ ਲਿਆ ਕਿ ਭਾਰਤ ਤੇ ਰੂਸ ਵਿਚਾਲੇ ਲੈਣ-ਦੇਣ ਨਾਲ ਕਿਵੇਂ ਨਜਿੱਠਿਆ ਜਾਵੇ। ਉਨ੍ਹਾਂ ਕਿਹਾ, "ਸਾਨੂੰ ਉਸ ਸਿਸਟਮਨੂੰ ਲੈ ਕੇ ਲਾਜ਼ਮੀ ਤੌਰ ਉੱਤੇ ਚਿੰਤਾ ਹੈ, ਪਰ ਮੇਰੇ ਕੋਲ ਤੁਹਾਡੇ ਲਈ ਕੋਈ ਤਾਜ਼ਾ ਜਾਣਕਾਰੀ ਨਹੀਂ ਹੈ।"

# ਪਾਕਿ ਨੇ ਅੱਤਵਾਦ ਪੱਖੀ ਨੂੰ ਅਮਰੀਕਾ ਵਿੱਚ ਰਾਜਦੂਤ ਬਣਾ ਦਿੱਤਾ

ਵਾਸ਼ਿੰਗਟਨ-ਪਾਕਿਸਤਾਨ ਨੇ ਅੱਤਵਾਦ ਦੀ ਹਮਾਇਤ ਕਰਨ ਵਾਲੇ ਮਕਬੂਜ਼ਾ ਕਸ਼ਮੀਰ ਦੇ ਸਾਬਕਾ ਰਾਸ਼ਟਰਪਤੀ ਮਸੂਦ ਖਾਨ ਨੂੰ ਅਮਰੀਕਾ ਵਿੱਚ ਰਾਜਦੂਤ ਨਿਯੁਕਤ ਕੀਤਾ ਹੈ। ਤਾਲਿਬਾਨ ਦੇ ਸਾਥੀ ਪਾਕਿਸਤਾਨ ਦੇ ਇਸ ਕਦਮ ਨਾਲ ਉਸ ਦੀ ਅਸਲੀਅਤ ਇੱਕ ਵਾਰੀ ਮੁੜ ਦੁਨੀਆ ਦੇ ਸਾਹਮਣੇ ਆ ਗਈ ਹੈ। ਮਸੂਦ ਖਾਨ ਹਰਕਤ-ਉਲ ਮੁਜਾਹਿਦੀ ਦੇ ਸਰਗਣਾਂ ਫਜ਼ਲੁਰ ਰਹਿਮਾਨ ਖਲੀਲ ਨਾਲ ਮੰਚ ਸਾਂਝਾ ਕਰ ਚੁੱਕੇ ਹਨ, ਜਿਸ ਨੂੰ 1997 ਵਿੱਚ ਅਮਰੀਕਾ ਅੱਤਵਾਦੀ ਸੰਗਠਨ ਐਲਾਨ ਚੁੱਕਾ ਹੈ। ਅਲ ਕਾਇਦਾ ਤੇ ਉਸ ਦੇ ਸਰਗਣਾ ?ਸਾਮਾ ਨਾਲ ਵੀ ਮਸੂਦ ਦੇ ਸੰਬੰਧ ਰਹੇ ਹਨ। ਖਲੀਲ, ?ਸਾਮਾ ਦੇ ਇੰਟਰਨੈਸ਼ਨਲ ਇਸਲਾਮਿਕ ਫਰੰਟ ਦਾ ਸਰਗਰਮ ਮੈਂਬਰ ਸੀ, ਜਿਸ ਨੇ 1998 ਵਿੱਚ ਅਮਰੀਕਾ ਉੱਤੇ ਹਮਲੇ ਦਾ ਸੱਦਾ ਦਿੱਤਾ ਸੀ। ਅਮਰੀਕਾ ਵਿੱਚ ਰਾਜਦੂਤ ਵਜੋਂ ਮਸੂਦ ਖਾਨ ਦੀ ਨਿਯੁਕਤੀ ਪਾਕਿਸਤਾਨ ਦੀ ਬੁਰੀਪ੍ਰਬੰਧਕੀ ਨੀਤੀ ਦਾ ਸਬੂਤ ਹੈ। ਪਾਕਿਸਤਾਨੀ ਸਰਕਾਰ ਅਮਰੀਕਾ ਸਣੇ ਦੁਨੀਆ ਦੇ ਕੱਟੜਪੰਥੀ ਮੁਸਲਮਾਨਾਂ ਦੀ ਹਮਾਇਤ ਕਰਦੀ ਹੈ। ਮਸੂਦ ਨੇ ਬੀਤੇ ਜੁਲਾਈ ਵਿੱਚ ਮਕਬੂਜ਼ਾ ਕਸ਼ਮੀਰ ਦੇ ਰਾਸ਼ਟਰਪਤੀ ਹੁੰਦੇ ਹੋਏ ਹਿਜ਼ਬੁਲ ਮੁਜਾਹਦੀਨ ਦੇ ਅੱਤਵਾਦੀ ਬੁਰਹਾਨ ਵਾਨੀ ਦੀ ਪੰਜਵੀਂ ਬਰਸੀ ਉੱਤੇ ਉਸ ਨੂੰ ਯਾਦ ਕੀਤਾ ਤੇ ਵਿਸ਼ੇਸ਼ ਸੰਦੇਸ਼ ਵੀ ਜਾਰੀ ਕੀਤਾ ਸੀ ਬੁਰਹਾਨ 2016 ਵਿੱਚ ਮਾਰਿਆ ਗਿਆ ਸੀ। 2019 ਵਿੱਚ ਮਸੂਦ ਇਸਲਾਮਾਬਾਦ ਵਿੱਚਆਲ ਪਾਰਟੀ ਕਸ਼ਮੀਰ ਸਾਲਿਡਰਿਟੀ ਕਾਨਫਰੰਸ ਵਿੱਚ ਗਿਆ ਸੀ। ਉਹ ਹਿੰਸਕ ਸੰਗਠਨ ਸਾਊਥ ਏਸ਼ੀਆ ਇਸਲਾਮਿਕ ਮੂਵਮੈਂਟ ਜਮਾਤ-ਏ-ਇਸਲਾਮੀ ਤੇ ਲੇਡੀ ਅਲ ਕਾਇਦਾ ਦੀ ਸਰਗਨਾ ਆਫੀਆ ਸਿੱਦੀਕੀ ਦੀ ਵੀ ਹਮਾਇਤੀ ਰਹਿ ਚੁੱਕਾ ਹੈ।






# ਪ੍ਰੀਤੀ ਜ਼ਿੰਟਾ ਦੇ ਘਰ ਆਏ ਜੁੜਵਾ ਬੱਚੇ

ਮੁੰਬਈ, 18 ਨਵੰਬਰ (ਏਜੰਸੀ)-ਬਾਲੀਵੁੱਡ ਅਦਾਕਾਰਾ ਪ੍ਰੀਤੀ ਜ਼ਿੰਟਾ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਉਹ ਅਤੇ ਉਨ੍ਹਾਂ ਦੇ ਪਤੀ ਅਤੇ ਵਿੱਤੀ ਮਾਹਿਰ ਜੀਨ ਗੁਡਇਨਫ ਸਰੋਗੇਸੀ ਜ਼ਰੀਏ ਇਕ ਬੇਟੇ ਅਤੇ ਬੇਟੀ ਦੇ ਮਾਤਾ-ਪਿਤਾ ਬਣ ਗਏ ਹਨ। ਪ੍ਰੀਤੀ ਜ਼ਿੰਟਾ ਨੇ ਕਿਹਾ ਕਿ ਉਸ ਨੇ ਆਪਣੇ ਬੱਚਿਆਂ ਦੇ ਨਾਂਅ ਜੈ ਜ਼ਿੰਟਾ ਗੁਡਇਨਫ ਅਤੇ ਜੀਆ ਜ਼ਿੰਟਾ ਗੁੱਡਇਨਫ ਰੱਖਿਆ ਹੈ ਗ ਅਦਾਕਾਰ ਨੇ ਟਵੀਟ ਕਰਦੇ ਹੋਏ ਲਿਖਿਆ ਕਿ ਜੀਨ ਅਤੇ ਮੈਂ ਆਪਣੇ ਜੁੜਵਾਂ ਬੱਚਿਆਂ ਜੈ ਅਤੇ ਜੀਆ ਦਾ ਆਪਣੇ ਪਰਿਵਾਰ ਵਿਚ ਸਵਾਗਤ ਕਰਦੇ ਹੋਏ ਬਹੁਤ ਖੁਸ਼ ਹਾਂ ਅਤੇ ਸਾਡਾ ਦਿਲ ਧੰਨਵਾਦ ਅਤੇ ਪਿਆਰ ਨਾਲ ਭਰ ਗਿਆ ਹੈ ਗ ਇਸ ਦੇ ਨਾਲ ਹੀ ਪ੍ਰੀਤੀ ਜ਼ਿੰਟਾ ਨੇ ਇਸ ਅਦਭੁੱਤ ਸਫਰ ਦਾ ਹਿੱਸਾ ਬਣਨ ਲਈ ਸਿਹਤ ਕਰਮੀਆਂ ਅਤੇ ਆਪਣੀ ਸਰੋਗੇਟ ਦਾ ਵੀ ਧੰਨਵਾਦ ਕੀਤਾ ਹੈ।





# ਸੋਨੂੰ ਸੂਦ ਨੇ ਕੀਤੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ

ਜਲੰਧਰ-ਮੋਗਾ ਵਿਧਾਨ ਸਭਾ ਸੀਟ ਤੋਂ ਆਪਣੀ ਭੈਣ ਮਾਲਵਿਕਾ ਸੂਦ ਸੱਚਰ ਨੂੰ ਚੋਣ ਲੜਵਾਉਣ ਦਾ ਐਲਾਨ ਕਰ ਚੁੱਕੇ ਬਾਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਵੀਰਵਾਰ ਨੂੰ ਚੰਡੀਗੜ੍ਹ ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਸੁਖਬੀਰ ਬਾਦਲ ਨੇ ਇਸ ਮੁਲਾਕਾਤ ਤੋਂ ਬਾਅਦ ਟਵੀਟ ਕਰਕੇ ਕਿਹਾ ਕਿ ਸੋਨੂੰ ਸੂਦ ਨਾਲ ਉਨ੍ਹਾਂ ਦੇ ਸਮਾਜ ਸੇਵਾ ਦੇ ਕੰਮਾਂ ਨੂੰ ਲੈ ਕੇ ਗੱਲਬਾਤ ਹੋਈ। ਉਹ ਬਹੁਤ ਦਿਆਲੂ ਹਨ ਅਤੇ ਉਨ੍ਹਾਂ ਨੇ ਹਜ਼ਾਰਾਂ ਲੋੜਵੰਦਾਂ ਦੀ ਮਦਦ ਕੀਤੀ ਹੈ। ਵਰਣਨਯੋਗ ਹੈ ਕਿ ਸੋਨੂੰ ਸੂਦ ਨੇ ਹਾਲੇ ਤਕ ਇਹ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਦੀ ਭੈਣ ਕਿਸ ਪਾਰਟੀ ਵੱਲੋਂ ਚੋਣ ਲੜੇਗੀ।

# ਔਰਤਾਂ ਕਿਸੇ ਵੀ ਹਾਲਾਤ ਦਾ ਟਾਕਰਾ ਕਰਨ ਦੇ ਸਮਰੱਥ-ਦਿਸ਼ਾ ਪਰਮਾਰ

ਮੁੰਬਈ-ਟੀਵੀ ਅਦਾਕਾਰਾ ਦਿਸ਼ਾ ਪਰਮਾਰ ਸੀਰੀਅਲ 'ਬੜੇ ਅੱਛੇ ਲਗਤੇ ਹੈਂ 2 ਵਿੱਚ ਆਤਮਨਿਰਭਰ ਮਹਿਲਾ ਦੀ ਭੂਮਿਕਾ ਨਿਭਾ ਰਹੀ ਹੈ। ਉਸ ਦਾ ਮੰਨਣਾ ਹੈ ਕਿ ਔਰਤ ਨੂੰ ਮੁੱਢਲੀਆਂ ਲੋੜਾਂ ਲਈ ਪੁਰਸ਼ਾਂ ਤੇ ਨਿਰਭਰ ਹੋਣ ਦੀ ਲੋੜ ਨਹੀਂ ਹੈ। ਉਸ ਅਨੁਸਾਰ ਔਰਤਾਂ ਆਜ਼ਾਦ ਹਨ ਤੇ ਉਹ ਇੰਨੀਆਂ ਮਜ਼ਬੂਤ ਹਨ ਕਿ ਉਹ ਕਿਸੀ ਵੀ ਹਾਲਾਤ ਦਾ ਡਟ ਕੇ ਮੁਕਾਬਲਾ ਕਰ ਸਕਦੀਆਂ ਹਨ। ਇਸ ਲੜੀਵਾਰ ਵਿੱਚ ਪ੍ਰਿਆ ਦਾ ਕਿਰਦਾਰ ਨਿਭਾ ਰਹੀ ਦਿਸ਼ਾ ਦਾ ਮੰਨਣਾ ਹੈ ਕਿ ਔਰਤਾਂ ਵਿੱਚ ਕਈ ਕੰਮ ਕਰਨ ਦੀ ਕਾਬਲੀਅਤ ਹੁੰਦੀ ਹੈ ਜਿਸ ਕਾਰਨ ਉਹ ਆਪਣੀ ਨਿੱਜੀ ਤੇ ਪੇਸ਼ੇਵਰ ਜ਼ਿੰਦਗੀ ਵਿਚ ਬੜੀ ਆਸਾਨੀ ਨਾਲ ਤਵਾਜ਼ਨ ਬਣਾ ਸਕਦੀਆਂ ਹਨ। ਦਿਸ਼ਾ ਦਾ ਨਿੱਜੀ ਤੌਰ ਤੇ ਮੰਨਣਾ ਹੈ ਕਿ ਔਰਤਾਂ ਕੁਦਰਤੀ ਸਬਰ ਵਾਲੀਆਂ ਹੁੰਦੀਆਂ ਹਨ ਤੇ ਉਹ ਆਸਾਨੀ ਨਾਲ ਬਹੁ-ਕਾਰਜ ਕਰ ਸਕਦੀਆਂ ਹਨ। ਔਰਤਾਂ ਵਿੱਚ ਇਹ ਕੁਦਰਤੀ ਜ਼ਿੰਮੇਵਾਰੀ ਵਾਲੀ ਆਦਤ ਹੁੰਦੀ ਹੈ ਕਿ ਘਰ ਤੇ ਦਫਤਰ ਦਾ ਕੰਮ ਸਹੀ ਤਰੀਕੇ ਨਾਲ ਹੋ ਰਿਹਾ ਹੈ ਕਿ ਨਹੀਂ। ਇਹ ਲੜੀਵਾਰ ਸੋਨੀ ਐਂਟਰਟੇਨਮੈਂਟ ਟੀਵੀ ਤੇ ਦਿਖਾਇਆ ਜਾਵੇਗਾ।



# ਹੇਮਾ ਮਾਲਿਨੀ ਤੇ ਪ੍ਰਸੂਨ ਜੋਸ਼ੀ ਨੂੰ 'ਪਰਸਨੈਲਿਟੀ ਆਫ਼ ਦ ਯੀਅਰ' ਐਵਾਰਡ

ਨਵੀਂ ਦਿੱਲੀ-ਇਸ ਮਹੀਨੇ ਵਿਚ ਹੋਣ ਵਾਲੇ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿਚ ਬਾਲੀਵੁੱਡ ਦੀ ਡਰੀਮ ਗਰਲ ਅਦਾਕਾਰਾ ਹੇਮਾ ਮਾਲਿਨੀ ਅਤੇ ਮਸ਼ਹੂਰ ਗੀਤਕਾਰ ਪ੍ਰਸੂਨ ਜੋਸ਼ੀ ਨੂੰ ਇੰਡੀਅਨ ਫਿਲਮ ਪਰਸਨੈਲਿਟੀ ਆਫ ਦ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ ਗ ਇਸ ਬਾਰੇ ਵੀਰਵਾਰ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਜਾਣਕਾਰੀ ਦਿੱਤੀ ਗ ਜਾਣਕਾਰੀ ਅਨੁਸਾਰ 52ਵੇਂ ਇੰਟਰਨੈਸ਼ਨਲ ਫਿਲਮ ਫੈਸਲੀਵਲ ਆਫ ਇੰਡੀਆ (ਆਈ. ਐਫ. ਐਫ. ਆਈ.) 20-28 ਨਵੰਬਰ ਦੇ ਦੌਰਾਨ ਗੋਆ ਵਿਖੇ ਕੀਤਾ ਜਾਵੇਗਾ ਗ ਇਸ ਤੋਂ ਇਲਾਵਾ ਉਦਘਾਟਨੀ ਸਮਾਰੋਹ ਦੌਰਾਨ ਸਲਮਾਨ ਖਾਨ, ਰਣਵੀਰ ਸਿੰਘ ਸਮੇਤ ਕਈ ਹੋਰ ਅਦਾਕਾਰ ਆਪਣੀ ਹਾਜ਼ਰੀ ਲਗਾਉਣਗੇ।

JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com





ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616



# Scotiabank ਦਾ StartRight® ਪ੍ਰੋਗਰਾਮ

## ਨਵੇਂ ਆਏ ਲੋਕਾਂ ਦੀ ਕੈਨੇਡਾ ਵਿਚ ਨਵੀਂ ਸ਼ੁਰੂਆਤ ਕਰਨ 'ਚ ਕਰਦਾ ਹੈ ਮਦਦ




ਪਹਿਲੇ ਸਾਲ ਵਿੱਚ $1,300* ਤੱਕ ਦੀ ਬਚਤ ਅਤੇ ਬੋਨਸ ਦੇ ਨਾਲ, StartRight® ਪ੍ਰੋਗਰਾਮ ਦੀ ਪੇਸ਼ਕਸ਼, ਇਸ ਪਤਝੜ ਦੇ ਮੌਸਮ ਵਿੱਚ ਉਮੀਦ ਕੀਤੇ ਜਾ ਰਹੇ ਨਵੇਂ ਆਏ ਲੋਕਾਂ ਦੀ ਨਵੀਂ ਆਮਦ ਦੇ ਨਾਲ ਮੇਲ ਖਾਂਦੀ ਹੈ।

ਟੋਰਾਂਟੋ-ਮਹੀਨਿਆਂ ਦੀ ਉਡੀਕ ਤੋਂ ਬਾਅਦ, ਹਾਲ ਹੀ ਵਿੱਚ ਯਾਤਰਾ ਪਾਬੰਦੀਆਂ ਵਿੱਚ ਰਾਹਤ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਵਿੱਚ ਨਵੇਂ ਆਏ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚਣਾ ਸ਼ੁਰੂ ਕਰ ਦਿੱਤਾ ਹੈ। Scotiabank ਨੇ StartRight® ਪ੍ਰੋਗਰਾਮ ਦੇ ਰਾਹੀਂ ਦਿਲਚਸਪ ਪੇਸ਼ਕਸ਼ਾਂ ਦੇ ਨਾਲ ਸੁਆਗਤੀ ਕਾਰਪੇਟ ਤਿਆਰ ਕੀਤਾ ਹੈ, ਜੋ ਖਾਸ ਕਰਕੇ ਨਵੇਂ ਆਏ ਲੋਕਾਂ ਲਈ ਤਿਆਰ ਕੀਤਾ ਗਿਆ ਹੈ।

ਹੁਣ ਅਤੇ 16 ਦਸੰਬਰ, 2021 ਦੇ ਵਿਚਕਾਰ, Scotiabank ਦੇ StartRight® ਨਾਲ ਸਾਈਨ-ਅੱਪ ਕਰਨ ਵਾਲੇ ਗਾਹਕ ਬਚਤਾਂ ਅਤੇ ਬੋਨਸਾਂ ਵਿੱਚ #1,300 ਤਕ ਕਮਾ ਸਕਦੇ ਹਨ, ਜਿਸ ਵਿੱਚ ਕੋਈ ਮਹੀਨਾਵਾਰ ਖਾਤਾ ਫੀਸ ਨਹੀਂ, ਚੁਣੇ ਹੋਏ ਕ੍ਰੈਡਿਟ ਕਾਰਡਾਂ 'ਤੇ ਕੋਈ ਸਾਲਾਨਾ ਫੀਸ ਨਹੀਂ ਅਤੇ ਮੁਫ਼ਤ ਅੰਤਰਰਾਸ਼ਟਰੀ ਮਨੀ ਟ੍ਰਾਂਸਫਰ ਸ਼ਾਮਲ ਹਨ - ਇਹ ਸਭ ਪਹਿਲੇ ਸਾਲ ਦੇ ਦੌਰਾਨ। ਇਸਦਾ ਅਰਥ ਹੈ ਨਵੇਂ ਆਏ ਲੋਕਾਂ ਲਈ ਕਾਫ਼ੀ ਬਚਤਾਂ ਅਤੇ ਬੋਨਸ ਅਤੇ ਨਾਲ ਹੀ ਨਵੇਂ ਦੇਸ਼ ਵਿੱਚ ਕ੍ਰੈਡਿਟ ਹਿਸਟਰੀ ਬਣਾਉਣ ਦੀ ਯੋਗਤਾ। StartRight® ਪ੍ਰੋਗਰਾਮ ਕੈਨੇਡਾ ਵਿੱਚ ਬੈਂਕਿੰਗ ਨੂੰ ਸੌਖਾ ਬਣਾਉਂਦਾ ਹੈ ਤਾਂ ਜੋ ਨਵੇਂ ਆਏ ਲੋਕ ਸੈਟਲ ਹੋ ਸਕਣ, ਨਵੀਂ ਜ਼ਿੰਦਗੀ ਸ਼ੁਰੂ ਕਰ ਸਕਣ ਅਤੇ ਆਪਣੀਆਂ ਚੁਣੌਤੀਆਂ ਦਾ ਆਸ਼ਾਵਾਦ ਅਤੇ ਉਮੀਦ ਨਾਲ ਸਾਹਮਣਾ ਕਰ ਸਕਣ।

StartRight® ਪ੍ਰੋਗਰਾਮ ਦੇ ਨਾਲ ਤੁਸੀਂ $15,000 ਤੱਕ ਦੀ ਕ੍ਰੈਡਿਟ ਲਿਮਿਟ ਦਾ ਕ੍ਰੈਡਿਟ ਕਾਰਡ ਪ੍ਰਾਪਤ ਕਰ ਸਕਦੇ ਹੋ, ਇੱਥੋਂ ਤਕ ਕਿ ਪਿਛਲੀ ਕ੍ਰੈਡਿਟ ਹਿਸਟਰੀ ਤੋਂ ਬਿਨਾਂ। ਅੱਜ ਹੀ ਇੱਕ ਕਾਰਡ ਨਾਲ ਆਪਣੀ ਕ੍ਰੈਡਿਟ ਹਿਸਟਰੀ ਬਣਾਉਣਾ ਸ਼ੁਰੂ ਕਰੋ ਜੋ ਕੈਸ਼ ਬੈਕ ਜਾਂ ਯਾਤਰਾ ਇਨਾਮ ਵੀ ਪ੍ਰਦਾਨ ਕਰਦਾ ਹੈ।

Scotiabank ਵਿੱਚ ਮਲਟੀਕਲਚਰਲ ਬੈਂਕਿੰਗ ਦੇ ਡਾਇਰੈਕਟਰ ਮੁਨਸਿਫ ਸ਼ੇਰਲੀ (MunsifSheraly ਕਹਿੰਦੇ ਹਨ, "ਕੈਨੇਡਾ ਦੀ ਜ਼ਿੰਦਗੀ ਵਿੱਚ ਤਬਦੀਲ ਹੋਣਾ ਨਵੇਂ ਆਏ ਕਈ ਲੋਕਾਂ ਲਈ ਜੋਸ਼ ਭਰਿਆ ਅਤੇ ਨਾਲ ਹੀ ਮੁਸ਼ਕਲ ਹੁੰਦਾ ਹੈ, ਇਸੇ ਕਰਕੇ Scotiabank ਕੋਲ ਸ਼ੁਰੂਆਤ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਤਿਆਰ ਕੀਤੇ ਬੈਂਕਿੰਗ ਪ੍ਰੋਗਰਾਮ ਅਤੇ ਉਤਪਾਦ ਹਨ।"ਭਰੋਸੇਯੋਗ ਸਲਾਹਕਾਰਾਂ ਦੀ ਸਾਡੀ ਪ੍ਰਤਿਭਾਸ਼ਾਲੀ ਟੀਮ ਉਨ੍ਹਾਂ ਦੀਆਂ ਵਿਲੱਖਣ ਲੋੜਾਂ ਨੂੰ ਸਮਝਦੀ ਹੈ ਅਤੇ ਅੱਜ ਉਨ੍ਹਾਂ ਦੇ ਵਿੱਤੀ ਭਵਿੱਖ ਦੀ ਯੋਜਨਾ ਬਣਾਉਂਦੇ ਹੋਏ ਉਨ੍ਹਾਂ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਹੈ।"

ਨਾਲ ਇੱਕ ਨਵੇਂ ਆਏ ਦੇ ਰੂਪ ਵਿੱਚ, ਤੁਸੀਂ ਕਈ ਉਤਪਾਦਾਂ ਅਤੇ ਸਮਾਧਾਨਾਂ ਦੇ ਨਾਲ ਬੋਨਸ ਅਤੇ ਬਚਤਾਂ ਵਿੱਚ ਪਹਿਲੇ ਸਾਲ $1,300* ਤਕ ਦਾ ਮੁੱਲ ਪ੍ਰਾਪਤ ਕਰ ਸਕਦੇ ਹੋ, ਜਿਵੇਂ ਕਿ:

ਅਸੀਮਿਤ ਡੈਬਿਟ ਟ੍ਰਾਂਜ਼ੈਕਸ਼ਨਾਂ ਅਤੇ Interace-Transfer ਟ੍ਰਾਂਜ਼ੈਕਸ਼ਨਾਂ ਦੇ ਨਾਲ ਇੱਕ ਸਾਲ ਲਈ ਕੋਈ ਮਹੀਨਾਵਾਰ ਖਾਤਾ ਫੀਸ ਨਹੀਂ;

- ਮੁਫ਼ਤ ਅੰਤਰਰਾਸ਼ਟਰੀ ਮਨੀ ਟ੍ਰਾਂਸਫਰ;
- ਇੱਕ ਸਾਲ ਲਈ ਮੁਫ਼ਤ ਸੇਫ਼ਟੀ ਡਿਪਾਜ਼ਿਟ ਬਾਕਸ;
- ਰੋਜ਼ਾਨਾ ਖਰੀਦਦਾਰੀ 'ਤੇ Scene+TM ਰਿਵਾਰਡ ਪੁਆਇੰਟ ਕਮਾਓ;
- ਕਿਸੇ ਕ੍ਰੈਡਿਟ ਹਿਸਟਰੀ ਦੀ ਲੋੜ ਦੇ ਬਿਨਾਂ ਕ੍ਰੈਡਿਟ ਕਾਰਡ ਅਤੇ ਨਾਲ ਹੀ ਚੋਣਵੇਂ ਕ੍ਰੈਡਿਟ ਕਾਰਡਾਂ 'ਤੇ ਪਹਿਲੇ ਸਾਲ ਦੀ ਸਲਾਨਾ ਫੀਸ ਦੀ ਛੋਟ;
- 10 ਮੁਫ਼ਤ ਇਕੁਇਟੀ ਟ੍ਰੇਡ ਜਦੋਂ ਤੁਸੀਂ ਇੱਕiTRADE ਖਾਤੇ ਵਿੱਚ ਘੱਟੋ-ਘੱਟ $1,000 ਦਾ ਨਿਵੇਸ਼ ਕਰਦੇ ਹੋ।

ਸ਼ੁਰੂਆਤ ਕਰਨ ਲਈ, Scotiabank.com/newcomers 'ਤੇ ਜਾਓ, ਜੋ ਕਿ ਕੈਨੇਡਾ ਵਿੱਚ ਸੈਟਲ ਹੋਣ ਦੀ ਯੋਜਨਾ ਬਣਾ ਰਹੇ ਜਾਂ ਤਿਆਰੀ ਕਰ ਰਹੇ ਲੋਕਾਂ ਲਈ ਇੱਕ ਵਨ-ਸਟਾਪ ਥਾਂ ਹੈ।

'ਸ਼ਰਤਾਂ ਲਾਗੂ ਹੁੰਦੀਆਂ ਹਨ। ਪੂਰੇ ਨਿਯਮਾਂ ਅਤੇ ਸ਼ਰਤਾਂ ਲਈ, ਹੋਰ ਵੇਰਵਿਆਂ ਲਈ ਕਿਰਪਾ ਕਰਕੇ StartRight.scotiabank.com/newcomer-offer for more details 'ਤੇ ਜਾਓ।

**Scotiabank ਬਾਰੇ**

Scotiabank ਅਮਰੀਕਾ ਮਹਾਂਦੀਪ ਵਿੱਚ ਇੱਕ ਪ੍ਰਮੁੱਖ ਬੈਂਕ ਹੈ। ਸਾਡੇ ਉਦੇਸ਼: "ਹਰੇਕ ਭਵਿੱਖ ਲਈ" ਦੇ ਮਾਰਗ-ਦਰਸ਼ਨ ਦੇ ਨਾਲ, ਅਸੀਂ ਆਪਣੇ ਗਾਹਕਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਭਾਈਚਾਰਿਆਂ ਦੀ ਨਿੱਜੀ ਅਤੇ ਵਪਾਰਕ ਬੈਂਕਿੰਗ, ਪੂੰਜੀ ਪ੍ਰਬੰਧਨ ਅਤੇ ਪ੍ਰਾਈਵੇਟ ਬੈਂਕਿੰਗ, ਕਾਰਪੋਰੇਟ ਅਤੇ ਨਿਵੇਸ਼ ਬੈਂਕਿੰਗ, ਅਤੇ ਪੂੰਜੀ ਬਜ਼ਾਰਾਂ ਸਮੇਤ, ਸਲਾਹ-ਮਸ਼ਵਰੇ, ਉਤਪਾਦਾਂ ਅਤੇ ਸੇਵਾਵਾਂ ਦੀ ਵਿਸ਼ਾਲ ਰੇਂਜ ਦੇ ਰਾਹੀਂ ਵਿੱਤੀ ਤੌਰ 'ਤੇ ਸਫਲਤਾ ਹਾਸਲ ਕਰਨ ਵਿੱਚ ਮਦਦ ਕਰਦੇ ਹਾਂ। 90,000 ਤੋਂ ਵੱਧ ਕਰਮਚਾਰੀਆਂ ਦੀ ਟੀਮ ਅਤੇ ਲਗਭਗ $1.2 ਟ੍ਰਿਲੀਅਨ ਦੀ ਸੰਪਤੀ (31 ਜੁਲਾਈ 2021 ਤਕ) ਦੇ ਨਾਲ, Scotiabank ਟੋਰਾਂਟੋ ਸਟਾਕ ਐਕਸਚੇਂਜ (TSX: BNS) ਅਤੇ ਨਿਊਯਾਰਕ ਸਟਾਕ ਐਕਸਚੇਂਜ (NYSE:BNS) 'ਤੇ ਵਪਾਰ ਕਰਦਾ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ http://www.scotiabank.com 'ਤੇ ਜਾਓ ਅਤੇ ਸਾਨੂੰ Twitter@ScotiabankViews 'ਤੇ ਫਾਲੋ ਕਰੋ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839


AN OPEN INVITATION TO JOIN US IN
CELEBRATING SRI GURU NANAK DEV JI'S
552ND
GURPURAB



At Gurdwara Sahib
Sukh Sagar
347 Wood Street, New Westminster
Nov 17th at 5pm to
Nov 19th at 9pm
All Are Welcome - Food Stalls and More
We acknowledge the financial support of the
Province of British Columbia in assiting with this program.

# ਸਰੀ ਦੇ ਸ਼ਾਇਰ ਪਰਮਵੀਰ ਸਿੰਘ ਦਾ ਕਾਵਿ-ਸੰਗ੍ਰਹਿ 'ਪੰਖੀ' ਰਿਲੀਜ਼

ਸਰੀ (ਹਰਦਮ ਮਾਨ)-ਸਰੀ ਦੇ ਪੰਜਾਬੀ ਸ਼ਾਇਰ ਪਰਮਵੀਰ ਸਿੰਘ ਦਾ ਕਾਵਿ-ਸੰਗ੍ਰਹਿ "ਪੰਖੀ" ਰਿਲੀਜ਼ ਕਰਨ ਲਈ ਖਾਲਸਾ ਸਕੂਲ ਸਰੀ ਵਿਖੇ ਸੰਖੇਪ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਆਏ ਡਾ: ਸ. ਪ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਕੀਤੀ। ਸ਼ੁਰੂਆਤ ਵਿਚ ਸਮਾਗਮ ਦੇ ਸੰਚਾਲਕ ਮੋਹਨ ਗਿੱਲ ਨੇ ਸਭ ਦਾ ਸਵਾਗਤ ਕਰਦਿਆਂ ਪਰਮਵੀਰ ਸਿੰਘ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਪਰਮਵੀਰ ਸਿੰਘ ਦੀ ਕਵਿਤਾ ਨੂੰ ਪ੍ਰੋ: ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਅੱਗੇ ਤੋਰਦੀ ਕਵਿਤਾ ਕਿਹਾ। ਪੁਸਤਕ ਉਪਰ ਡਾ: ਰਣਜੀਤ ਸਿੰਘ ਸੰਧੂ ਨੇ ਪਰਚਾ ਪੜ੍ਹਿਆ ਅਤੇ ਇਸ ਕਵਿਤਾ ਨੂੰ ਸਮਾਜਿਕ ਸਰੋਕਾਰਾਂ ਦੀ ਕਵਿਤਾ ਕਿਹਾ। ਜਰਨੈਲ ਸਿੰਘ ਸੇਖਾ ਨੇ ਲੇਖਕ ਦੀ ਕਵਿਤਾ ਵਿੱਚੋਂ ਲੋਕ ਗੀਤਾਂ ਦੀ ਸੁਗੰਧ ਮਹਿਸੂਸ ਕੀਤੀ। ਡਾ। ਰਘਬੀਰ ਸਿੰਘ ਸਿਰਜਣਾ ਨੇ ਪਰਮਵੀਰ ਸਿੰਘ ਦੀ ਪਹਿਲੀ ਪੁਸਤਕ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ "ਪੰਖੀ" ਨੂੰ ਇਕ ਕਦਮ ਅੱਗੇ ਤੁਰਦੀ ਕਵਿਤਾ ਆਖਿਆ। ਅਜਮੇਰ ਰੋਡੇ ਨੇ ਇਸ ਕਵਿਤਾ ਨੂੰ ਮਾਣਯੋਗ ਦਸਦਿਆਂ ਇਸ ਦੀ ਵਿਲੱਖਣ ਸ਼ੈਲੀ ਦੀ ਸ਼ਲਾਘਾ ਕੀਤੀ। ਜਰਨੈਲ ਸਿੰਘ ਆਰਟਿਸਟ ਨੇ "ਪੰਖੀ" ਵਿਚ ਗੁਰਬਾਣੀ ਤੇ ਅਧਿਆਤਮਵਾਦ ਦਾ ਪ੍ਰਭਾਵ ਹੋਣ ਦੇ ਨਾਲ ਨਾਲ ਮੌਜੂਦਾ ਸਮੇਂ ਦੀਆਂ ਘਟਨਾਵਾਂ ਉਪਰ ਕੀਤੀਆਂ ਟਿੱਪਣੀਆਂ ਦੀ ਪ੍ਰਸੰਸਾ ਕੀਤੀ। ਪਰਮਵੀਰ ਸਿੰਘ ਨੇ ਆਪਣੀਆਂ ਕਈ ਕਵਿਤਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ 'ਪੰਖੀ' ਅੰਬਰ ਗਾਹੁਣ, ਬ੍ਰਿਖ ਦੀ ਸਰਸਰਾਹਟ 'ਚੋਂ ਗੀਤ ਟੋਹਣ, ਪਿਆਰ ਅਤੇ ਅਮਨ ਦਾ ਹੋਕਾ ਦੇਣ ਦੀ ਉਡਾਣ ਹੈ। ਡਾ: ਸ. ਪ. ਸਿੰਘ ਨੇ ਇਸ ਨੂੰ ਉੱਚ ਪੱਧਰ ਦੀ ਕਵਿਤਾ ਕਿਹਾ। ਉਨ੍ਹਾਂ ਕਿਹਾ ਕਿ ਪਰਮਵੀਰ ਸਿੰਘ ਦੀ ਕਵਿਤਾ ਵਿਚ ਗੁਰਬਾਣੀ ਦਾ ਪ੍ਰਭਾਵ ਹੈ ਅਤੇ ਇਹ ਕਵਿਤਾ ਪ੍ਰੋ: ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਦੀ ਖ਼ੁਸ਼ਬੋਈ ਨੂੰ ਅੱਗੇ ਤੋਰਦੀ ਹੈ। ਸ਼ਾਇਰ ਨੇ ਭੁੱਲੇ ਵਿਸਰੇ ਸ਼ਬਦਾਂ ਨੂੰ ਕਵਿਤਾ ਦਾ ਹਿੱਸਾ ਬਣਾਇਆ ਹੈ। ਉਨ੍ਹਾਂ ਲੇਖਕ ਦੇ ਮਾਤਾ ਪਿਤਾ, ਪਰਿਵਾਰ ਦੀ ਸਮਾਗਮ ਵਿਚ ਸ਼ਮੂਲੀਅਤ ਨੂੰ ਵਧੀਆ ਸ਼ਗਨ ਆਖਿਆ। ਇਸ ਸਮਾਗਮ ਵਿਚ ਸਰੀ ਦੇ ਚੋਣਵੇਂ ਲੇਖਕ ਸ਼ਾਮਲ ਹੋਏ। ਅੰਤ ਵਿਚ ਮੋਹਨ ਗਿੱਲ ਨੇ ਸਭਨਾਂ ਦਾ ਧੰਨਵਾਦ ਕੀਤਾ।



# ਤਾਰਾ ਸਿੰਘ ਹੇਅਰ ਤੇ ਗਿੱਲ ਮੋਰਾਂਵਾਲੀ ਨੂੰ ਸਮਰਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

ਸਰੀ (ਹਰਦਮ ਮਾਨ)- ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮੀਟਿੰਗ ਇੰਡੋ-ਕਨੇਡੀਅਨ ਟਾਈਮਜ਼ ਦੇ ਐਡੀਟਰ ਅਤੇ ਸਭਾ ਦੇ ਬਾਨੀ ਸਵ: ਤਾਰਾ ਸਿੰਘ ਹੇਅਰ ਅਤੇ ਸ਼ਾਇਰ ਗਿੱਲ ਮੋਰਾਂ ਵਾਲੀ ਦੀ ਯਾਦ ਨੂੰ ਸਮਰਪਿਤ ਰਹੀ। ਮੀਟਿੰਗ ਦੇ ਮੁੱਖ ਬੁਲਾਰੇ ਪ੍ਰਸਿੱਧ ਸਾਹਿਤਕਾਰ, ਨਾਟਕਕਾਰ ਰਵਿੰਦਰ ਰਵੀ ਅਤੇ ਲੇਖਕ, ਨਾਵਲਕਾਰ ਨਦੀਮ ਪਰਮਾਰ ਸਨ। ਮੀਟਿੰਗ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ ਅਤੇ ਮੰਚ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ। ਆਰੰਭ ਵਿੱਚ ਪ੍ਰਿਤਪਾਲ ਗਿੱਲ ਨੇ ਤਾਰਾ ਸਿੰਘ ਹੇਅਰ ਅਤੇ ਗਿੱਲ ਮੋਰਾਂਵਾਲੀ ਬਾਰੇ ਜਾਣਕਾਰੀ ਦਿੱਤੀ ਤੇ ਮੁੱਖ ਬੁਲਾਰਿਆਂ ਦਾ ਸਵਾਗਤ ਕੀਤਾ। ਰਵਿੰਦਰ ਰਵੀ ਨੇ ਗਿੱਲ ਮੋਰਾਂਵਾਲੀ ਅਤੇ ਤਾਰਾ ਸਿੰਘ ਹੇਅਰ ਦੀ ਜੀਵਨੀ, ਕੇਂਦਰੀ ਲੇਖਕ ਸਭਾ ਨਾਲ ਸਾਂਝ, ਇੰਡੋ-ਕਨੇਡੀਅਨ ਟਾਈਮਜ਼ ਦੀ ਸਥਾਪਤੀ ਲਈ ਕੀਤੀ ਜਦੋਜਹਿਦ ਬਾਰੇ ਵਿਸਥਾਰ ਵਿਚ ਦੱਸਿਆ। ਪ੍ਰਸਿੱਧ ਲੇਖਕ ਨਦੀਮ ਪਰਮਾਰ ਨੇ ਤਾਰਾ ਸਿੰਘ ਹੇਅਰ ਅਤੇ ਗਿੱਲ ਮੋਰਾਂਵਾਲੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਸੁਰਜੀਤ ਸਿੰਘ ਮਾਧੋਪੁਰੀ ਅਤੇ ਰੂਪਿੰਦਰ ਰੂਪੀ ਨੇ ਗਿੱਲ ਮੋਰਾਂਵਾਲੀ ਦੀਆਂ ਰਚਨਾਵਾਂ ਤਰੰਨਮ ਵਿੱਚ ਸਾਂਝੀਆਂ ਕੀਤੀਆਂ। ਡਾਇਰੈਕਟਰ ਦਰਸ਼ਨ ਸੰਘਾ ਅਤੇ ਸੁਰਜੀਤ ਕਲਸੀ ਨੇ ਤਾਰਾ ਸਿੰਘ ਹੇਅਰ ਅਤੇ ਗਿੱਲ ਮੋਰਾਂਵਾਲੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਪਲਵਿੰਦਰ ਸਿੰਘ ਰੰਧਾਵਾ ਨੇ ਗੀਤ, ਹਰਚੰਦ ਬਾਗੜੀ ਨੇ ਕਵਿਤਾ ਰਾਹੀਂ ਹਾਜਰੀ ਲੁਆਈ। ਮੀਟਿੰਗ ਵਿਚ ਰਾਜਵੰਤ ਚਿਲਾਨਾ, ਦਵਿੰਦਰ ਬਚੜਾ, ਗਿੱਲ ਮੋਰਾਂਵਾਲੀ ਦੇ ਪਰਿਵਾਰ ਵਿੱਚੋਂ ਜੀਰੀ ਗਿੱਲ (ਪਤਨੀ), ਬੇਟੀਆਂ (ਜਸਤੇਜ ਅਤੇ ਨਵਤੇਜ ਗਿੱਲ) ਸ਼ਾਮਿਲ ਸਨ।






GLOBAL INSURANCE

"WE SECURE YOUR VALUES"

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes




GULSHARAN S. WALIA HARVINDER WALIA KANWAR (SUNNY) WALIA

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

New Producers Welcome

Call Now For SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

ਸੁਪਰ ਵੀਜਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

3 LOCATIONS TO SERVE YOU :

www.globalins.ca

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761

### ਪ੍ਰਕਾਸ਼ ਪੁਰਬ ਲਈ ਵਿਸ਼ੇਸ਼

# ਗੁਰੂ ਨਾਨਕ ਜੀ ਦੇ ਸੁਨੇਹੇ ਦੀ ਸਮਾਜਿਕ ਪ੍ਰਸੰਗਕਤਾ

**ਡਾ: ਪ੍ਰਿਤਪਾਲ ਸਿੰਘ ਮਹਿਰੋਕ**



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਨ੍ਹਾਂ ਦੀ ਬਾਣੀ ਵਿਚੋਂ ਸਮਝ ਆਉਂਦਾ ਉਨ੍ਹਾਂ ਦਾ ਚਿੰਤਨ ਮੂਲ ਰੂਪ ਵਿਚ ਬ੍ਰਹਮ, ਜਗਤ, ਜੀਵ ਅਤੇ ਮੁਕਤੀ ਦੇ ਸੰਕਲਪ ਦਾ ਬੋਧ ਕਰਵਾਉਂਦਾ ਹੈ। ਉਹ ਧਰਮ ਦੇ ਸੰਕਲਪ ਨੂੰ ਸਮਝਾਉਂਦੇ ਹਨ ਤੇ ਧਰਮ ਦੇ ਮਹੱਤਵ ਬਾਰੇ ਤਰਕ ਅਤੇ ਵਿਹਾਰ ਦੇ ਆਧਾਰ ਤੇ ਸੰਵਾਦ ਰਚਾਉਂਦੇ ਹਨ, ਆਪਣੇ ਦਰਸ਼ਨ ਨੂੰ ਸਮਾਜਿਕ ਚੇਤਨਾ ਦੇ ਪ੍ਰਸੰਗ ਵਿਚ ਪੇਸ਼ ਕਰਦੇ ਹਨ। ਸਮਾਜ ਦਾ ਸਰੂਪ-ਨਿਰਮਾਣ ਵਿਅਕਤੀ ਜਾਂ ਵਿਅਕਤੀ ਸਮੂਹ ਦੇ ਵਿਚਾਰਾਂ ਦੇ ਆਧਾਰ ਤੇ ਹੁੰਦਾ ਹੈ। ਗੁਰੂ ਸਾਹਿਬ ਨਿਰਸਵਾਰਥ ਸਮਾਜਿਕ ਤਾਣੇ-ਬਾਣੇ ਦੀ ਸਥਾਪਨਾ ਦਾ ਸੁਨੇਹਾ ਦਿੰਦੇ ਹਨ ਤੇ ਮਨੁੱਖ ਦੇ ਜਗਤ ਵਿਚ ਆਉਣ ਦਾ ਮਨੋਰਥ ਸਮਝਾਉਂਦੇ ਹਨ। ਗੁਰੂ ਸਾਹਿਬ ਦਾ ਬ੍ਰਹਮ ਜੋਤਿ ਸਰੂਪ ਹੈ, ਨਿਰੰਜਨ ਹੈ, ਅਗਮ, ਅਗੋਚਰ ਹੈ। ੧ਓ ਦਾ ਸੰਕਲਪ ਹੀ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਦਾ ਆਧਾਰ ਬਣਦਾ ਹੈ। ਗੁਰੂ ਸਾਹਿਬ ਮਨੁੱਖੀ ਮਨ ਦੀ ਸੂਖ਼ਮਤਾ, ਚੰਚਲਤਾ ਤੇ ਅਵਸਥਾਵਾਂ ਨੂੰ ਦਰਸਾਉਂਦਿਆਂ ਹੋਇਆਂ ਮਨ ਨੂੰ ਵਸ ਵਿਚ ਕਰਨ ਦੀ ਗੱਲ ਸਮਝਾਉਂਦੇ ਹਨ। ਆਪ ਫਰਮਾਉਂਦੇ ਹਨ ਕਿ ਮਨ ਨੂੰ ਵਸ ਕਰ ਕੇ ਹੀ ਜਗਤ ਨੂੰ ਸਮਝਿਆ ਜਾ ਸਕਦਾ ਹੈ। ਪਾਪਾਂ/ਕੁਕਰਮਾਂ ਨਾਲ ਅਪਵਿੱਤਰ ਹੋਈ ਬੁੱਧੀ ਦੀ ਸ਼ੁੱਧੀ ਵਾਸਤੇ ਪ੍ਰਭੂ ਦੇ ਨਾਮ ਸਿਮਰਨ ਦਾ ਸੁਨੇਹਾ ਦੇ ਕੇ ਮਨ ਦੀ ਭਟਕਣ ਤੋਂ ਬਚਣ ਦਾ ਸੁਨੇਹਾ ਵੀ ਗੁਰੂ ਸਾਹਿਬ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਜੀਵਨ, ਗਿਆਨ, ਦ੍ਰਿਸ਼ਟੀ, ਸਮਾਜ, ਸ੍ਰਿਸ਼ਟੀ, ਬ੍ਰਹਿਮੰਡ, ਮਨੁੱਖ ਨੂੰ ਸਮਝਣ ਦੀ ਗਹਿਰੀ ਨੀਝ, ਉਦਾਸੀਆਂ ਵਿਚੋਂ ਗ੍ਰਹਿਣ ਕੀਤੇ ਦੀਰਘ ਅਨੁਭਵ ਦੇ ਨਿਚੋੜ ਉਪਰ ਉਨ੍ਹਾਂ ਦਾ ਦਰਸ਼ਨ ਉਸਰਦਾ ਹੈ। ਇਸ ਦਰਸ਼ਨ ਦਾ ਮੁੱਖ ਪਹਿਲੂ ਉਨ੍ਹਾਂ ਦੀ ਬਾਣੀ 'ਜਪੁਜੀ ਸਾਹਿਬ' ਵਿਚੋਂ ਪ੍ਰਗਟ ਹੋ ਜਾਂਦਾ ਹੈ। ਇਸ ਬਾਣੀ ਵਿਚ ਉਹ ਪਰਮਾਤਮਾ ਦੇ ਗੁਣਾਂ ਦੀ ਵਡਿਆਈ, ਆਪਾਰ ਮਹਾਨਤਾ ਅਤੇ ਉਸ ਦੇ ਅਗੰਮੀ ਗੌਰਵ ਨੂੰ ਸਾਕਾਰ ਕਰਦੇ ਹਨ। 'ਜਪੁਜੀ ਸਾਹਿਬ' ਵਿਚ ਗੁਰੂ ਨਾਨਕ ਦੇਵ ਜੀ ਹੁਕਮ, ਹਉਮੈ, ਕਿਰਤ, ਕਰਮ, ਨਦਰ ਸਚਿਆਰ, ਪ੍ਰਭੂ ਪ੍ਰੇਮ, ਭਗਤੀ, ਨਾਮ ਸਿਮਰਨ, ਸਬਰ, ਸੰਤੋਖ, ਮਨ, ਮਾਰਗ ਦਰਸ਼ਕ, ਸ਼ਬਦ ਦੇ ਮਹੱਤਵ, ਸ੍ਰਿਸ਼ਟੀ ਦੇ ਪਾਸਾਰ, ਪੰਜ ਖੰਡਾਂ, ਪ੍ਰਭੂ ਦੀ ਮਹਿਮਾ ਆਦਿ ਦਾ ਉਲੇਖ ਕਰਦੇ ਹਨ। ਇਹ ਸੰਕਲਪ ਉਘੜਦੇ ਜਾਂਦੇ ਹਨ ਅਤੇ ਕਈ ਸਵਾਲ ਉਸਰਦੇ ਜਾਂਦੇ ਹਨ। ਮੂਲ ਪ੍ਰਸ਼ਨ ਦਾ ਸੂਤਰ 'ਕਿਵ ਸਚਿਆਰਾ ਹੋਈਐ' ਬਣਦਾ ਹੈ ਤੇ ਨਾਲ ਨਾਲ 'ਹੁਕਮਿ ਰਜਾਈ ਚਲਣਾ' ਦੀ ਧਾਰਨਾ ਨੂੰ ਬਲ ਮਿਲਦਾ ਜਾਂਦਾ ਹੈ। 'ਹੁਕਮਿ ਰਜਾਈ ਚਲਣਾ' ਤੋਂ ਭਾਵ ਜੀਵਨ ਵਿਚ ਉਹ ਕਰਮ ਕਰਨੇ ਹਨ, ਜਿਹੜੇ ਸਦਾਚਾਰਕ ਪੈਮਾਨੇ ਤੇ ਖਰੇ ਉਤਰਦੇ ਹੋਣ। ਗੁਰੂ ਨਾਨਕ ਦੇਵ ਜੀ ਆਪਣੇ ਦਰਸ਼ਨ ਨੂੰ ਮੂਲ ਮੰਤਰ ਵਿਚ ਹੀ ਸਮਝਾ ਦਿੰਦੇ ਹਨ। ਉਹ ਪਾਰ ਬ੍ਰਹਮ ਦੀ ਆਪਾਰ ਸ਼ਕਤੀ, ਉਸ ਦੀ ਅਸਗਾਹ ਹਸਤੀ ਅਤੇ ਉਸ ਨੂੰ ਅੰਤਿਮ ਸੱਚ ਵਜੋਂ ਸਥਾਪਿਤ ਕਰਦੇ ਹਨ। ਉਹ ਹਸਤੀ ਸਰਬਕਾਲੀ ਸੱਚ ਵਾਲੀ ਹੈ। ਇਸੇ ਲਈ ਗੁਰੂ ਸਾਹਿਬ ਮਨੁੱਖ ਨੂੰ ਨਾਸ਼ਵਾਨ ਸੰਸਾਰ ਅਤੇ ਮਾਇਆ ਦੇ ਪਾਸਾਰੇ ਨਾਲੋਂ ਵਿਛੋੜ ਹੋਣ ਲਈ ਕਹਿੰਦੇ ਹਨ ਅਤੇ ਮਾਇਆ ਦੇ ਪਸਾਰੇ ਨਾਲੋਂ ਤੋੜ ਕੇ ਸਰਬਕਾਲੀ ਤੇ ਅੰਤਿਮ ਸੱਚ ਨਾਲ ਜੋੜਨ ਦਾ ਰਸਤਾ ਦਰਸਾਉਂਦੇ ਹਨ। ਸੱਚ ਦੇ ਰਸਤੇ ਤੇ ਚੱਲ ਕੇ ਹੀ ਮਨੁੱਖ ਸਚਿਆਰੀ ਹੋਂਦ ਨੂੰ ਪਛਾਣ ਸਕਦਾ ਹੈ।

ਉਨ੍ਹਾਂ ਇਹ ਗੱਲ ਸਥਾਪਿਤ ਕਰ ਦਿੱਤੀ ਸੀ ਕਿ ਬ੍ਰਹਿਮੰਡ ਨੂੰ ਚੱਲਦਿਆਂ ਰੱਖਣ ਲਈ ਹਰ ਸ਼ੈਅ ਆਪੋ-ਆਪਣਾ ਯੋਗਦਾਨ ਪਾਉਂਦੀ ਹੈ। ਪ੍ਰਾਕਿਰਤਕ ਪਾਸਾਰੇ ਦਾ ਹਰ ਵਰਤਾਰਾ ਗਤੀਸ਼ੀਲ ਹੈ। ਉਨ੍ਹਾਂ ਅਨੁਸਾਰ ਜੋ ਅਸੂਲ ਬ੍ਰਹਿਮੰਡ ਵਿਚ ਕੰਮ ਕਰ ਰਿਹਾ ਹੈ, ਉਹੀ ਕਿਰਿਆਸ਼ੀਲਤਾ ਮਨੁੱਖੀ ਸਰੀਰ ਵਿਚ ਵਾਪਰਦੀ ਰਹਿੰਦੀ ਹੈ। ਉਹ ਪ੍ਰਕਿਰਤੀ ਦੇ ਅਦਭੁਤ ਪਾਸਾਰੇ ਦੇ ਆਧਾਰ ਤੇ ਮਨੁੱਖੀ ਜੀਵਨ ਦੀਆਂ ਰਮਜ਼ਾਂ ਸਮਝਾਉਂਦੇ ਹਨ। ਮਨੁੱਖ ਨੂੰ ਉਹ ਕੁਦਰਤ ਦਾ ਸਮਤੋਲ ਬਣਾਈ ਰੱਖਣ ਦਾ ਸੁਨੇਹਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬਹੁਤ ਡੂੰਘੇ ਅਰਥ ਛੁਪੇ ਹਨ। ਗੁਰੂ ਸਾਹਿਬ ਮਨੁੱਖੀ ਜੀਵਨ, ਮਨੁੱਖ ਦੇ ਇਸ ਜਗਤ ਵਿਚ ਆਉਣ ਦੇ ਮਨੋਰਥ, ਉਸ ਦੀ ਰਹਿਤਲ, ਉਸ ਦੇ ਸਮਾਜ-ਸਭਿਆਚਾਰ ਅਤੇ ਉਸ ਦੇ ਜੀਵਨ ਨਾਲ ਸਬੰਧਤ ਹੋਰ ਪਹਿਲੂਆਂ ਦੇ ਸਬੰਧ ਵਿਚ ਮਨੁੱਖ ਦੀ ਅਗਵਾਈ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚੋਂ ਉਘੜਦਾ ਉਨ੍ਹਾਂ ਦਾ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸਥਾਰ ਕਰਦਾ ਹੈ ਤੇ ਇਕ ਨਵਾਂ ਧਰਮ ਦਰਸ਼ਨ ਬਣ ਕੇ ਪ੍ਰਗਟ ਹੁੰਦਾ ਹੈ। ਉਹ ਜਦੋਂ ਸ੍ਰਿਸ਼ਟੀ, ਕੁਦਰਤ ਦਾ ਸਮੁੱਚਾ ਪਾਸਾਰ, ਰੁੱਤਾਂ, ਵਣ-ਤ੍ਰਿਣ ਆਦਿ ਨੂੰ ਮਨੁੱਖ ਨਾਲ ਜੋੜ ਕੇ ਦਰਸਾਉਂਦੇ ਹਨ ਤਾਂ ਇਸ ਪ੍ਰਾਕਿਰਤਿਕ ਵਰਤਾਰੇ ਦੇ ਮਨੁੱਖੀ ਮਾਨਸਿਕਤਾ ਉਪਰ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਪ੍ਰਗਟ ਕਰਦੇ ਜਾਂਦੇ ਹਨ।

ਸੰਸਾਰ ਭਰ ਵਿਚ ਅਜੋਕਾ ਮਨੁੱਖ ਜਿਨ੍ਹਾਂ ਸੰਕਟਾਂ ਦੇ ਸਨਮੁਖ ਖੜ੍ਹਾ ਹੈ, ਉਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦਾ ਫ਼ਲਸਫ਼ਾ ਉਨ੍ਹਾਂ ਸੰਕਟਾਂ ਨਾਲ ਨਜਿੱਠਣ ਲਈ ਰਾਹ ਦਰਸਾਉਂਦਾ ਹੈ ਤੇ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ। ਮਨੁੱਖ ਦਾ ਰਾਹ ਰੁਸ਼ਨਾਉਣਾ ਉਨ੍ਹਾਂ ਦੇ ਫ਼ਲਸਫ਼ੇ ਦਾ ਮੁੱਖ ਪਹਿਲੂ ਬਣਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਜੀਵਨ ਜਾਚ ਦੇ ਢੰਗ-ਤਰੀਕੇ ਸਮਝਾਉਂਦੇ ਹਨ। ਉਨ੍ਹਾਂ ਨੇ ਜਿਸ ਤਰ੍ਹਾਂ ਦੀ ਜੀਵਨ ਜਾਚ ਨੂੰ ਵਿਕਸਤ ਕੀਤਾ ਹੈ, ਉਹ ਹੀ ਅਸਲ ਵਿਚ ਗੁਰਮਤਿ ਦਾ ਸਦਾਚਾਰ ਬਣਦੀ ਹੈ।

ਅਸੀਂ ਦੇਖਦੇ ਹਾਂ ਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਦੇਣ ਵਾਲੇ ਗੁਰੂ ਨਾਨਕ ਜੀ ਦੇ ਪੈਰੋਕਾਰ ਅੱਜ ਧਰਤੀ, ਹਵਾ, ਪਾਣੀ ਆਦਿ ਦੇ ਕੁਦਰਤੀ ਸੋਮਿਆਂ ਨੂੰ ਅਸ਼ੁੱਧ ਤੇ ਪ੍ਰਦੂਸ਼ਿਤ ਕਰ ਰਹੇ ਹਨ। ਵਾਤਾਵਰਨ ਨੂੰ ਸ਼ੁੱਧ ਬਣਾਈ ਰੱਖਣ ਲਈ ਮਨੁੱਖ ਨੂੰ ਗੁਰੂ ਨਾਨਕ ਦੇ ਸੁਨੇਹੇ ਨੂੰ ਸਮਝਣ ਤੇ ਜਾਗਰੂਕ ਹੋਣ ਦੀ ਲੋੜ ਹੈ। ਜੇ ਮਨੁੱਖਤਾ ਨੂੰ ਜਿਊਂਦਿਆਂ ਰੱਖਣਾ ਹੈ ਤਾਂ ਮਨੁੱਖ ਨੂੰ ਬਾਣੀ ਨਾਲ ਜੁੜਨਾ ਪਵੇਗਾ। ਉਨ੍ਹਾਂ ਦੀਆਂ ਸਾਰੀਆਂ ਸਿੱਖਿਆਵਾਂ ਲੋਕ ਕਲਿਆਣ, ਬਿਹਤਰ ਮਨੁੱਖ ਤੇ ਸਮਾਜ ਦੀ ਸਿਰਜਣਾ ਵਾਸਤੇ ਹਨ। ਉਨ੍ਹਾਂ ਮਨੁੱਖ ਸਾਹਵੇਂ ਜੋ ਆਦਰਸ਼ ਪੇਸ਼ ਕੀਤੇ, ਉਨ੍ਹਾਂ ਨੂੰ ਧਾਰਨ ਕਰ ਕੇ ਹੀ ਮਨੁੱਖ ਸਦਾਚਾਰੀ ਅਖਵਾ ਸਕਦਾ ਹੈ।

ਗੁਰੂ ਸਾਹਿਬ ਮਨੁੱਖੀ ਅਧਿਕਾਰਾਂ ਬਾਰੇ ਅਤੇ ਮਨੁੱਖੀ ਸਮਾਨਤਾ ਬਾਰੇ ਗੱਲ ਕਰਦੇ ਹਨ। ਉਹ ਸਮਕਾਲ ਦੀ ਸਿਆਸਤ ਅਤੇ ਪ੍ਰਚਲਿਤ ਧਰਮਾਂ ਵਿਚਲੀਆਂ ਊਣਤਾਈਆਂ ਨੂੰ ਪਛਾਣਦੇ ਹਨ ਤੇ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਪ੍ਰਗਟ ਕਰਦਿਆਂ ਮਨੁੱਖੀ ਬਰਾਬਰੀ ਤੇ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ। ਉਨ੍ਹਾਂ ਦੀ 'ਆਸਾ ਦੀ ਵਾਰ', 'ਸਿੱਧ ਗੋਸਟਿ' ਅਤੇ 'ਬਾਬਰਵਾਣੀ' ਵਿਚ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਦੀ ਸੁਰ ਹੈ।

ਗੁਰੂ ਨਾਨਕ ਦੇਵ ਜੀ ਹਰ ਗੱਲ ਤਰਕ ਦੇ ਆਧਾਰ ਤੇ ਕਰਦੇ ਹਨ। ਉਹ ਪ੍ਰਸ਼ਨ ਉਠਾਉਂਦੇ ਹਨ। ਸਮਾਜ ਦੋਖੀ ਤਾਕਤਾਂ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ। ਸਮਕਾਲ ਵਿਚ ਸਥਾਪਤੀ ਦੀਆਂ ਵਧੀਕੀਆਂ ਵਿਰੁੱਧ ਡਟਦੇ ਹਨ। ਉਨ੍ਹਾਂ ਦੇ ਫ਼ਲਸਫੇ ਵਿਚ ਗਿਆਨ, ਵਿਗਿਆਨ, ਤਰਕ, ਪਰਖੇ ਜਾ ਸਕਣ ਵਾਲੇ ਸਿਧਾਂਤਾਂ ਦੀ ਭਰਮਾਰ ਹੈ। ਉਹ ਮਹਾਨ ਦਾਰਸ਼ਨਿਕ ਹਨ। ਬ੍ਰਹਿਮੰਡ ਤੋਂ ਇਲਾਵਾ ਸਮਾਜਿਕ, ਸਿਆਸੀ ਮੁੱਦਿਆਂ ਅਤੇ ਕਈ ਹੋਰ ਪਹਿਲੂਆਂ ਬਾਰੇ ਦਾਰਸ਼ਨਿਕ ਖ਼ਿਆਲ ਤੇ ਮਾਡਲ ਪੇਸ਼ ਕਰਦੇ ਹਨ। ਉਨ੍ਹਾਂ ਦਾ ਫ਼ਲਸਫ਼ਾ ਵਿਗਿਆਨਕ ਤੇ ਭਵਿੱਖਮੁਖੀ ਹੈ। ਉਹ ਸਮਾਜਿਕ ਜਾਗ੍ਰਤੀ ਲਿਆਉਣ ਦੀ ਦਿਸ਼ਾ ਵੱਲ ਵਧਦੇ ਹਨ।

ਇਨ੍ਹਾਂ ਕੁਝ ਪੱਖਾਂ ਉਪਰ ਵਿਚਾਰ ਕਰਨ ਤੋਂ ਬਾਅਦ ਕੁਝ ਪ੍ਰਸ਼ਨ ਪੈਦਾ ਹੋਣੇ ਸੁਭਾਵਿਕ ਹਨ। ਅਜੋਕਾ ਮਨੁੱਖ ਗੁਰੂ ਸਾਹਿਬ ਦੇ ਦਿੱਤੇ ਕਿਹੜੇ ਸੰਦੇਸ਼ ਦੀ ਪਾਲਣਾ ਕਰ ਰਿਹਾ ਹੈ? ਕੀ ਮਨੁੱਖ ਉਨ੍ਹਾਂ ਦੇ ਦਰਸਾਏ ਸੰਜਮ ਵਾਲੇ ਜੀਵਨ ਦੇ ਰਸਤੇ ਤੇ ਚੱਲ ਰਿਹਾ ਹੈ? ਕੀ ਮਨੁੱਖ ਕੇਵਲ ਲਿਸ਼ਕ-ਪੁਸ਼ਕ ਤੇ ਚਮਕ-ਦਮਕ ਵਾਲੀ ਜ਼ਿੰਦਗੀ ਜਿਊਣ ਵਿਚ ਵਿਸ਼ਵਾਸ ਨਹੀਂ ਰੱਖ ਰਿਹਾ? ਕੀ ਮਨੁੱਖ ਕੁਦਰਤ ਦੀਆਂ ਬਹੁਮੁੱਲੀਆਂ ਦਾਤਾਂ ਦਾ ਮਲੀਆਮੇਟ ਨਹੀਂ ਕਰ ਰਿਹਾ? ਕੀ ਮਨੁੱਖ ਨਿੱਕੇ-ਵੱਡੇ ਲੋਭ, ਲਾਲਚਾਂ ਵਿਚੋਂ ਆਪਣੇ ਆਪ ਨੂੰ ਕੱਢ ਸਕਿਆ ਹੈ? ਕੀ ਮਨੁੱਖ ਨੇ ਸਮਾਜਿਕ ਨੈਤਿਕਤਾ ਅਤੇ ਸਮਾਜਚਾਰੇ ਦੇ ਆਚਾਰ-ਵਿਹਾਰ ਨੂੰ ਅਪਣਾ ਕੇ ਅਮਲ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ? ਕੀ ਮਨੁੱਖ ਨੇ ਹਉਮੈ ਦੀ ਭਾਵਨਾ ਨੂੰ ਆਪਣੇ ਅੰਦਰੋਂ ਖਾਰਜ ਕਰ ਕੇ (ਜਾਂ ਘਟਾ ਕੇ) ਗੁਰੂ ਜੀ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਦਾ ਅਭਿਆਸ ਕੀਤਾ ਹੈ? ਕੀ ਮਨੁੱਖ ਨੇ ਦੁਨਿਆਵੀ ਮੋਹ, ਮਾਇਆ ਤੋਂ ਨਿਰਲੇਪ ਹੋਣ ਦੀ ਸਿੱਖਿਆ ਉਪਰ ਅਮਲ ਕੀਤਾ ਹੈ? ਕੀ ਮਨੁੱਖ ਨੇ ਆਪਣੇ ਅੰਦਰ ਪਨਪਦੀਆਂ ਪਾਸ਼ਵਿਕ ਬਿਰਤੀਆਂ ਨੂੰ ਮਾਰ ਲਿਆ ਹੈ ਜਾਂ ਵੱਸ ਵਿਚ ਕਰ ਲਿਆ ਹੈ? ਕੀ ਮਨੁੱਖ ਵਿਸ਼ਿਆਂ, ਵਿਕਾਰਾਂ ਨੂੰ ਕਾਬੂ ਵਿਚ ਰੱਖਣ ਦੇ ਉਪਰਾਲੇ ਕਰ ਸਕਿਆ ਹੈ? ਕੀ ਮਨੁੱਖ ਨੇ ਧਰਮ/ਜਾਤ ਆਦਿ ਦੇ ਵਖਰੇਵਿਆਂ ਤੋਂ ਉਪਰ ਉਠ ਕੇ ਗੁਰੂ ਜੀ ਦੇ ਦਰਸਾਏ ਮਨੁੱਖੀ ਸਮਾਨਤਾ ਦੇ ਸਿਧਾਂਤ ਦੀ ਪਾਲਣਾ ਕੀਤੀ ਹੈ? ਕੀ ਮਨੁੱਖ ਨੇ ਮੰਦੇ ਕਰਮ ਕਰਨ ਤੋਂ ਪੂਰੀ ਤਰ੍ਹਾਂ ਨਾਲ ਟਾਲਾ ਵੱਟ ਲਿਆ ਹੈ? ਕੀ ਮਨੁੱਖ ਨੇ ਦੋਗਲੇ ਧਾਰਮਿਕ ਕਿਰਦਾਰਾਂ ਵਾਲੇ ਵਿਹਾਰ ਤੋਂ ਤੌਬਾ ਕਰ ਲਈ ਹੈ?

ਇਨ੍ਹਾਂ ਪ੍ਰਸ਼ਨਾਂ ਉਪਰ ਚਿੰਤਨ ਕਰਨ ਨਾਲ ਗੁਰੂ ਜੀ ਦੇ ਸਰਵ ਅਗਵਾਈ ਕਰਨ ਵਾਲੇ ਸੁਨੇਹੇ ਦੀ ਸਾਰਥਿਕਤਾ ਤੇ ਉਸ ਦੀ ਸਮਾਜਿਕ ਪ੍ਰਸੰਗਕਤਾ ਨੂੰ ਸਮਝਿਆ ਜਾ ਸਕਦਾ ਹੈ। ਉਹ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਨੇਹਾ ਦਿੰਦੇ ਹਨ, ਜਿਸ ਵਿਚ ਕੋਈ ਦੂਜ ਭਾਵ ਨਾ ਹੋਵੇ ਤੇ ਜਾਤ-ਪਾਤ ਦਾ ਕੋਈ ਵਿਤਕਰਾ ਨਾ ਹੋਵੇ। ਸਮਾਜ ਦਾ ਧਰਮ ਕੇਵਲ ਮਾਨਵਤਾ ਹੋਵੇ। ਸਰਵ ਸਾਂਝਾ ਧਰਮ ਹੋਵੇ। ਅਜਿਹਾ ਸਮਾਜ ਜਿਸ ਵਿਚ ਹੱਕ, ਸੱਚ, ਬਰਾਬਰੀ, ਨਿਆਂ ਆਦਿ ਦੇ ਵਰਤਾਰੇ ਦਾ ਬੋਲ-ਬਾਲਾ ਹੋਵੇ। ਮਨੁੱਖੀ ਕਲਿਆਣ ਅਤੇ ਮਨੁੱਖੀ ਏਕਤਾ ਨੂੰ ਗੁਰੂ ਜੀ ਪਰਮ ਅਗੇਤ ਦਿੰਦੇ ਹਨ। ਅਜਿਹਾ ਸਮਾਜ ਜਿਸ ਵਿਚ ਪਿਆਰ, ਅਮਨ-ਸ਼ਾਂਤੀ, ਦਇਆ, ਖ਼ਿਮਾ, ਹਮਦਰਦੀ ਆਦਿ ਦਾ ਵਾਸਾ ਹੋਵੇ! ਸਦਾਚਾਰੀ ਮਨੁੱਖ ਦਾ ਵਸੇਬਾ ਹੋਵੇ!

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!


ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

689 ਇਸ ਮਿੱਟੀ ਲਈ ਅਸਾਂ ਕੁਰਬਾਨ ਹੋਣਾ, ਅਕਾਲ ਪੁਰਖ ਹੈ ਮੱਦਦਗਾਰ ਸਾਡਾ।
ਜੱਟ, ਮੋਚੀ, ਲੁਹਾਰ ਤੇ ਝਿਉਰ, ਦਰਜੀ, ਇਕੋ ਜਾਤ ਤੇ ਇੱਕੋ ਪ੍ਰਵਾਰ ਸਾਡਾ।
ਨੇਕੀ, ਸੇਵਾ ਸਾਡੀ ਬੰਦਗੀ ਹੈ, ਕਰਮ-ਧਰਮ ਹੈ ਸੱਚੀ ਕਾਰ ਸਾਡਾ।
ਸਿੰਘ ਸਜੋ ਤੇ ਸਿਖਰਾਂ ਛੂਹ ਲਵੋ, ਨਾਮ ਹੋਏਗਾ ਵਿੱਚ ਸੰਸਾਰ ਸਾਡਾ॥

690 ਸਿੰਘ ਸਜਿਆਂ ਨਵਾਂ ਜਨਮ ਹੁੰਦਾ, ਮੁੱਕ ਜਾਂਵਦੇ ਗੋਤ ਤੇ ਜਾਤ ਸਿੰਘੋ।
ਊਚ-ਨੀਚ ਦੀ ਧੁੰਦ ਹੈ ਲਹਿ ਜਾਂਦੀ, ਮਿਟੇ ਹਨੇਰ ਤੇ ਹੋਏ ਪ੍ਰਭਾਤ ਸਿੰਘੋ।
ਨਸ਼ੇ, ਵਹਿਮ ਤੇ ਮਰਨ ਦਾ ਭੈ ਮੁੱਕੇ, ਮਿਲੇ ਜੀਣ ਦੀ ਨਵੀਂ ਸੁਗਾਤ ਸਿੰਘੋ।
ਭਗਤੀ, ਸ਼ਕਤੀ, ਨਰੋਆ ਮਨ ਰੱਖੇ, ਅੱਖਾਂ ਪਾਉਣ ਨਾ ਮਾੜੀ ਝਾਤ ਸਿੰਘੋ॥

### ਕਪੂਰਾ ਚੌਧਰੀ

691 ਹੱਥ ਜੋੜਕੇ ਚੌਧਰੀ ਅਰਜ ਕਰਦਾ, ਮੇਰੇ ਪੁੱਤਾਂ ਨੂੰ ਅੰਮ੍ਰਿਤ ਛਕਾ ਦੇਵੋ।
ਮੇਰੇ ਜ਼ੁਰਮ ਦੀ ਮੈਨੂੰ ਹੀ ਸਜਾ ਮਿਲੇ, ਕਸ਼ਟ ਇਨ੍ਹਾਂ ਦੇ ਸਾਰੇ ਲਾਹ ਦੇਵੋ।
ਕੰਮ ਕਰਨ ਇਹ ਸਦਾ ਬਹਾਦਰੀ ਦੇ, ਨਿਗਾਹ ਮਿਹਰ ਦੀ ਇਨ੍ਹਾਂ ਤੇ ਪਾ ਦੇਵੋ।
ਹਰਚੰਦ ਸਿੰਘਾ ਕੌਮ ਦੀ ਕਰਨ ਰਾਖੀ, ਮੇਰਾ ਬੋਲਿਆ ਅੱਜ ਭੁਲਾ ਦੇਵੋ॥

### ਸਿੰਘਾਂ ਨੇ ਅੰਮ੍ਰਿਤ ਤਿਆਰ ਕਰਨਾ

692 ਸਿੰਘਾਂ ਰਲ ਕੇ ਅੰਮ੍ਰਿਤ ਤਿਆਰ ਕੀਤਾ, ਗੁਰਾਂ ਸਭ ਨੂੰ ਫਿਰ ਛਕਾਇਆ ਏ।
ਰਹਿਤ ਰਹਿਣ ਦੇ ਸਭ ਅਸੂਲ ਦੱਸੇ, ਕੱਲੇ ਕੱਲੇ ਨੂੰ ਸਿੰਘ ਸਜਾਇਆ ਏ।
ਨਾਮ-ਦਾਨ ਤੇ ਪੰਜ ਕਕਾਰ ਬਖਸ਼ੇ, ਨੂਰ ਆਪਣਾ ਉਨ੍ਹਾਂ ਵਿਚ ਪਾਇਆ ਏ।
ਹਰਚੰਦ ਸਿੰਘਾ ਸਾਰੀਆ ਕਰ ਰਸਮਾਂ, ਨਾਅਰਾ 'ਸੋ ਨਿਹਾਲ' ਦਾ ਲਾਇਆ ਏ॥

### ਭਾਈ ਬਖ਼ਸ਼ਾ ਸਿੰਘ ਤੇ ਸਾਥੀਆਂ ਦਾ ਆਉਣਾ

693 ਚੂਲਾ ਛਕਾਉਣ ਦੀ ਪੂਰੀ ਰਸਮ ਕਰਕੇ, ਸਤਿਗੁਰਾਂ ਦੀਵਾਨ ਸਜਾਇਆ ਏ।
ਭੋਰ ਪਿੰਡ ਤੋਂ ਬਖ਼ਸ਼ਾ ਸਿੰਘ ਲੈ ਕੇ, ਇਕ ਖਬਰ ਜ਼ਰੂਰੀ ਆਇਆ ਏ।
ਬੜੇ ਤੇਜ਼ ਸੀ ਘੋੜ ਅਸਵਾਰ ਆਏ, ਆ ਕੇ ਗੁਰਾਂ ਨੂੰ ਆਖ ਸੁਣਾਇਆ ਏ।
ਸੱਚੇ ਪਾਤਿਸ਼ਾਹ ਸੂਬਾ ਵਜ਼ੀਰ ਖਾਂ ਨੇ ਲਸ਼ਕਰ ਆਪਦੇ ਪਿੱਛੇ ਲਾਇਆ ਏ॥

694 ਪੰਜ ਦਿਨਾਂ ਦੇ ਵਿਚ ਹੀ ਸਫਰ ਕਰਕੇ, ਉਸ ਇੱਥੇ ਜਾਣਾ ਆ ਦਾਤਾ।
ਛੇ-ਸੱਤ ਹਜਾਰ ਤੋਂ ਵੱਧ ਹੈ ਨਫਰੀ, ਕਰੋ ਆਪਣਾ ਕੋਈ ਉਪਾਅ ਦਾਤਾ।
ਘੋੜੇ ਤੋਪਾਂ ਉਸਦੇ ਨਾਲ ਹਾਥੀ, ਨਾਲ ਮੁਲਖੀਆਂ ਕੋਈ ਨਾ ਥਾਹ ਦਾਤਾ।
ਹੋ ਸਕਦਾ ਪਹਿਲਾਂ ਹੀ ਆ ਜਾਸੀ, ਨਹੀਂ ਦੁਸ਼ਮਣਾਂ ਕੋਈ ਵਿਸਾਹ ਦਾਤਾ॥

### ਕਵੀਓ ਵਾਚ

695 ਸ਼ਬਦ ਸੁਣ ਕੇ ਬਖਸ਼ਾ ਸਿੰਘ ਜੀ ਦੇ, ਹਾਜਰ ਲੋਕ ਸੀ ਭੈ-ਭੀਤ ਹੋਏ।
ਸੁਣ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ, ਅਤੇ ਕਿਸੇ ਦੇ ਸਾਹ ਨਾ ਸੀਤ ਹੋਏ।
ਇੱਧਰ ਮੁਗਲਾਂ ਕਦੇ ਨਾ ਪੈਰ ਪਾਏ, ਹੁਣ ਆਉਣਗੇ ਇਹ ਪ੍ਰਤੀਤ ਹੋਏ।
ਹਰਚੰਦ ਸਿੰਘਾ ਉਹ ਵੀ ਕਦ ਡਰਦੇ, ਜਿਨ੍ਹਾਂ ਮਿੱਟੀ ਦੇ ਨਾਲ ਪ੍ਰੀਤ ਹੋਏ॥

### ਸਤਿਗੁਰੂ ਜੀ

696 ਕਹਿੰਦੇ ਗੁਰੂ ਜੀ ਕਪੂਰਿਆ ਦੱਸ ਸਾਨੂੰ, ਰਣ ਨੀਤੀ ਕੀ ਬਣਾਈਏ ਜੀ।
ਤੈਨੂੰ ਇਸ ਇਲਾਕੇ ਦਾ ਭੇਤ ਸਾਰਾ, ਕਿਸ ਥਾਂ ਤੇ ਮੋਰਚਾ ਲਾਈਏ ਜੀ।
ਵੈਰੀ ਆਪਣੀ ਜਿੱਦ ਤੇ ਚੜ੍ਹਿਆ ਏ, ਹੰਕਾਰ ਉਸਦਾ ਆਪਾਂ ਲਾਹੀਏ ਜੀ।
ਸਿੰਘ ਦਸਦੇ ਵੈਰੀ ਦਾ ਦਲ ਵੱਡਾ, ਕਿਵੇਂ ਇਸ ਨੂੰ ਭਾਜੜਾਂ ਪਾਈਏ ਜੀ॥

### ਕਪੂਰਾ ਚੌਧਰੀ

697 ਕੁਝ ਦੇਰ ਕਪੂਰਾ ਪਾ ਨੀਵੀਂ, ਬੈਠਾ ਆਪਣੀ ਸੋਚ ਲੜਾਂਵਦਾ ਏ।
ਫਿਰ ਗੁਰੂ ਜੀ ਵੱਲ ਧਿਆਨ ਕਰਕੇ, ਰਾਇ ਆਪਣੀ ਉਹ ਸੁਣਾਂਵਦਾ ਏ।
ਥੋਹੜੀ ਦੂਰ ਖਿਦਰਾਣੇ ਦੀ ਢਾਬ ਇੱਥੋਂ, ਦੱਸ ਗੁਰਾਂ ਨੂੰ ਉਸਦਾ ਪਾਂਵਦਾ ਏ।
ਚਾਰੇ ਪਾਸੇ ਬਾਰਾਂ ਕੋਸ ਤਾਈਂ, ਪਾਣੀ ਬਿਨਾਂ ਉਜਾੜ ਸਦਾਂਵਦਾ ਏ॥

698 ਮੇਰੀ ਮੰਨੋ ਤਾਂ ਢਾਬ ਤੇ ਕਰੋ ਕਬਜਾ, ਲਸ਼ਕਰ ਆਪਣੇ ਉਥੇ ਉਤਾਰ ਦੇਵੋ।
ਤੋੜਾ ਪਾਣੀ ਦਾ ਮਾਲਵੇ ਦੇਸ ਪਿਆ, ਵੈਰੀ ਦਲ ਨੂੰ ਤ੍ਰਿਹਾਇਆ ਮਾਰ ਦੇਵੋ।
ਪਾਣੀ ਬਿਨਾਂ ਕੱਢਣੀ ਘੜੀ ਔਖੀ, ਤੇਗਾਂ ਮਾਰ ਕੇ ਕਰ ਦੋਫਾੜ ਦੇਵੋ।
ਮਿਹਰਾਂ ਵਾਲਿਆਂ ਮੇਰੀ ਸਲਾਹ ਇਹੋ, ਬਾਕੀ ਆਪਣੇ ਤੁਸੀਂ ਵਿਚਾਰ ਦੇਵੋ॥

### ਸੋਢੀ ਕੌਲ ਜੀ

699 ਸੋਢੀ ਕੌਲ ਜੀ ਕਹਿੰਦੇ ਰਾਇ ਚੰਗੀ, ਉਥੇ ਆਪਦੀ ਹੋਏਗੀ ਜਿੱਤ ਦਾਤਾ।
ਪੱਠੇ, ਪਾਣੀ ਸ਼ਹਿਰ ਨਾ ਪਿੰਡ ਨੇੜੇ, ਕੁਦਰਤ ਹੋਏਗੀ ਆਪਣੇ ਹਿੱਤ ਦਾਤਾ।
ਇਸ ਮੌਕੇ ਨੂੰ ਹੱਥੋਂ ਗੁਆਈਏ ਨਾ, ਸਮਾਂ ਇਹੋ ਜਾ ਮਿਲੇ ਨਾ ਨਿੱਤ ਦਾਤਾ।
ਮਿਹਰਾਂ ਵਾਲਿਆਂ ਦਏਗੀ ਵਰ ਮਿੱਟੀ, ਆਪਾਂ ਕਰਾਂਗੇ ਵੈਰੀ ਨੂੰ ਚਿੱਤ ਦਾਤਾ॥

### ਢਿਲਵਾਂ ਤੋਂ ਕੂਚ

700 ਰਾਸ਼ਣ-ਪਾਣੀ ਲੈ ਕੇ ਢਿਲਵਾਂ ਤੋਂ, ਗੁਰਾਂ ਕੂਚ ਦਾ ਬਿਗਲ ਬਜਾਇਆ ਏ।
ਜੈਤੋਂ ਲੰਘ ਕੇ ਸੁਨੀਅਰ ਪਿੰਡ ਆਇਆ, ਸ਼ਾਮੇ ਡੋਗਰ ਨੇ ਦੁੱਧ ਪਿਲਾਇਆ ਏ।
ਪਿੰਡ ਵਾਲਿਆਂ ਕਰੀ ਟਹਿਲ ਚੰਗੀ, ਹੋਰ ਸਿੱਖਾਂ ਨੂੰ ਨਾਲ ਰਲਾਇਆ ਏ।
ਸੁਨੀਅਰ ਤੋਂ ਚੱਲ ਹਰਚੰਦ ਸਿੰਘਾ, ਰਾਮੇ ਆਣਕੇ ਦਲ ਬਹਾਇਆ ਏ॥

### ਰਾਮੇਆਣੇ ਤੋਂ ਕੂਚ-ਰਾਹ ਵਿੱਚ ਮਾਝੇ ਦੇ ਸਿੰਘ ਮਿਲਣੇ

701 ਰਾਮੇਆਣੇ ਤੋਂ ਗੁਰੂ ਜੀ ਕੂਚ ਕਰਕੇ, ਨਾਲ ਕਾਹਲ ਦੇ ਸਫਰ ਮੁਕਾਉਂਦੇ ਨੇ।
ਮਾਝੇ ਦੇਸ ਤੋਂ ਚੱਲ ਜੋ ਆਏ ਲੋਕੀ, ਉਹੋ ਕੋਲ ਗੁਰਾਂ ਦੇ ਆਉਂਦੇ ਨੇ।
ਨਾਲ ਆਪਦੇ ਕੁੱਝ ਵਿਚਾਰ ਕਰਨੀ, ਮਕਸਦ ਆਉਣ ਦਾ ਉਹੋ ਸੁਣਾਉਂਦੇ ਨੇ।
ਨਾ ਚਾਹੁੰਦੇ ਵੀ ਗੁਰੂ ਹਰਚੰਦ ਸਿੰਘਾ, ਕੁੱਝ ਸਮਾਂ ਉਥੇ ਸਸਤਾਉਂਦੇ ਨੇ॥

### (ਮਾਝੇ ਦਾ ਜਥਾ) ਕਵੀਓ ਵਾਚ

702 ਕੁੱਝ ਚੌਧਰੀ ਮਾਝੇ ਲਾਹੌਰ ਦੇ ਸੀ, ਜੋ ਗੁਰਾਂ ਨੂੰ ਗੱਲ ਸਮਝਾਉਣ ਆਏ।
ਕੁੱਝ ਸਿੰਘ ਬੇਦਾਵਾ ਲਿਖਣ ਵਾਲੇ, ਗਲਤੀ ਆਪਣੀ ਉਹ ਬਖ਼ਸ਼ਾਉਣ ਆਏ।
ਕੁੱਝ ਲੋਕ ਭੁੱਖੇ ਦੀਦ ਦੇ ਸੀ, ਸਤਿਗੁਰਾਂ ਦੇ ਦਰਸ਼ਨ ਪਾਉਣ ਆਏ।
ਉਹ ਲੋਕ ਵੀ ਸਨ ਹਰਚੰਦ ਸਿੰਘਾ, ਜਿੰਦ ਗੁਰੂ ਦੇ ਚਰਨੀਂ ਲਾਉਣ ਆਏ॥

703 ਕਾਹਲੀ ਨਾਲ ਸੀ ਦਰੀਆਂ ਵਿਛ ਗਈਆਂ, ਦੀਵਾਨ ਗੁਰੂ ਜੀ ਉਥੇ ਲਗਾ ਦਿੱਤਾ।
ਇੱਕ ਸਿੰਘ ਨੂੰ ਚੌਕਸੀ ਲਈ ਗੁਰਾਂ, ਉੱਚੇ ਰੁੱਖ ਦੇ ਉਤੇ ਬਹਾ ਦਿੱਤਾ।
ਨਿਗ੍ਹਾ ਰੱਖਣੀ ਵੈਰੀ ਦਲ ਉਤੇ, ਬਾਕੀ ਸਿੰਘਾਂ ਨੇ ਪਹਿਰਾ ਲਾ ਦਿੱਤਾ।
ਕਰੋ ਭਗਤੋ ਜੋ ਵੀ ਗਲ ਕਰਨੀ, ਆਈ ਸੰਗਤ ਨੂੰ ਗੁਰਾਂ ਸੁਝਾਅ ਦਿੱਤਾ॥

### ਲਾਹੌਰ ਦੇ ਚੌਧਰੀ ਦਾ ਗੁਰੂ ਜੀ ਨੂੰ ਮਸ਼ਵਰਾ ਦੇਣਾ

704 ਮੁਖੀ ਚੌਧਰੀ ਆਇਆ ਲਾਹੌਰ ਤੋਂ ਜੋ, ਕਹਿੰਦਾ ਅਸੀਂ ਤੇ ਆਪ ਨੂੰ ਕਹਿਣ ਆਏ।
ਸਾਰੇ ਗੁਰੂ ਮਾਝੇ ਦੇ ਵਿੱਚ ਰਹੇ, ਅਸੀਂ ਗੁਰੂ ਜੀ ਆਪ ਨੂੰ ਲੈਣ ਆਏ।
ਮੌਜਾਂ ਕਰੋ ਰਾਵੀ ਦੇ ਬੈਠ ਕੰਢੇ, ਦੁੱਖ ਮਾਲਵੇ ਦੇ ਨਹੀਂ ਸਹਿਣ ਆਏ।
ਭਜਨ ਕਰੋ ਆਨੰਦ ਦੇ ਵਿੱਚ ਰਹਿ ਕੇ, ਨਾਲ ਮੁਗਲਾਂ ਆਪ ਨਹੀਂ ਖਹਿਣ ਆਏ॥

705 ਸਾਰੇ ਗੁਰੂਆਂ ਰੱਬ ਦਾ ਨਾਮ ਲਿਆ, ਬਾਣੀ ਲਿਖਦੇ ਨਾਮ ਜਪਾਂਵਦੇ ਸੀ।
ਤਖ਼ਤ ਛੱਡ ਕੇ ਸਮੇਂ ਦੇ ਬਾਦਸ਼ਾਹ ਵੀ, ਆ ਕੇ ਗੁਰਾਂ ਨੂੰ ਸੀਸ ਨਿਭਾਂਵਦੇ ਸੀ।
ਸਾਰਾ ਦੇਸ਼ ਪਿਆਰ ਦੇ ਨਾਲ ਰਹਿੰਦਾ, ਭੋਰਾ ਖ਼ੂਨ ਨਾ ਕਦੇ ਬਹਾਂਵਦੇ ਸੀ।
ਅੰਤ ਵੇਲੇ ਇਕ ਤੋਂ ਬਾਅਦ ਦੂਜਾ, ਗੱਦੀ ਆਪਣੀ ਉਤੇ ਸਜਾਂਵਦੇ ਸੀ॥

706 ਕੰਮ ਗੁਰੂ ਦਾ ਧਰਮ ਉਪਦੇਸ਼ ਕਰਨਾ, ਮੰਦਰ, ਸਰਾਵਾਂ ਸਥਾਨ ਬਣਾਵਣੇ ਜੀ।
ਪਾਣੀ ਲਈ ਖ਼ੂਹ, ਤਲਾਬ ਲਾਉਣੇ, ਛਾਵਾਂ ਲਈ ਰੁੱਖ ਲਗਾਵਣੇ ਜੀ।
ਦਸੌਂਦ ਲੈ ਕੇ ਆਪਣੇ ਸੇਵਕਾਂ ਤੋਂ, ਲੋੜਬੰਦਾਂ ਲਈ ਲੰਗਰ ਲਾਉਣੇ ਜੀ।
ਮਿਹਰਾਂ ਵਾਲਿਆਂ ਕੰਮ ਇਹ ਰਾਜਿਆਂ ਦੇ, ਯੁੱਧ ਕਰਨੇ ਖ਼ੂਨ ਵਹਾਉਣੇ ਜੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India


Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ  ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

sep18

◆◆◆◆◆◆◆◆◆◆◆◆◆◆

ਕੈਨੇਡੀਅਨ ਸਿਟੀਜ਼ਨ ਟਰੱਕ ਡਰਾਈਵਰ ਜੱਟ ਪਰਿਵਾਰ ਦਾ ਲੜਕਾ, ਉਮਰ 35 ਸਾਲ, 5'6", ਵਾਸਤੇ ਯੋਗ ਕੈਨੇਡੀਅਨ ਲੜਕੀ ਦੀ ਲੋੜ ਹੈ।ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਵਾਸਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ-778-706-4021

nov 20

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ।

ਸੰਪਰਕ-604-781-4266 , ਈਮੇਲ - jagmandeepsingh22@gmail.com

nov 20

◆◆◆◆◆◆◆◆◆◆◆◆◆◆

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

nov 20

◆◆◆◆◆◆◆◆◆◆◆◆◆◆

## EMPLOYMENTS

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000


S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਧਰਮ-ਆਸਥਾ

# ਸਿੱਖ ਪੰਥ ਨੂੰ ਪ੍ਰਫੁੱਲਿਤ ਕਰਨ ਦੇ ਉਪਾਅ

"ਸਿੱਖ ਪੰਥ" ਘਟ ਰਿਹਾ ਹੈ: ਪੰਥ ਨੂੰ ਘਟਣ ਤੋਂ ਰੋਕਣ ਲਈ ਅਤੇ ਪੰਥ ਵਧਾਉਣ ਵਾਸਤੇ, ਹਰ ਸਿੱਖ ਨੂੰ; ਹੇਠ ਲਿਖੇ ਨੁਕਤਿਆਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਇਹਨਾਂ ਨੁਕਤਿਆਂ ਦਾ ਗੁਰਦੁਆਰਾ ਚੋਣਾਂ ਨਾਲ ਕੋਈ ਸੰਬੰਧ ਨਹੀਂ। (ਗੁਰਦੁਆਰਾ ਚੋਣਾਂ ਤਾਂ ਹੋਣੀਆਂ ਹੀ ਨਹੀਂ ਚਾਹੀਦੀਆਂ ਕਿਉਂਕਿ, ਉਹ ਸਿੱਖ ਪੰਥ ਲਈ ਅਤਿ ਹਾਨੀਕਾਰਕ ਹਨ)। ਇਹ ਕੇਵਲ ਸਿੱਖੀ ਨੂੰ ਪ੍ਰਫੁੱਲਿਤ ਕਰਨ ਸੰਬੰਧੀ ਵਿਚਾਰਾਂ ਹਨ ਅਤੇ ਅੰਮ੍ਰਿਤਧਾਰੀ ਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਭਾਵੇਂ "ਅੰਮ੍ਰਿਤਧਾਰੀ ਖਾਲਸੇ" ਹੋਣਾ ਬਹੁਤ ਚੰਗੀ ਗੱਲ ਹੈ ਪਰ "ਸਿੱਖ" ਹੋਣ ਵਾਸਤੇ ਅੰਮ੍ਰਿਤਧਾਰੀ ਖਾਲਸੇ ਹੋਣਾ ਜ਼ਰੂਰੀ ਨਹੀਂ ਕਿਉਂਕਿ, ਗੁਰੂ ਸਾਹਿਬ ਜੀ ਵੱਲੋਂ ਆਪਣੀ ਬਾਣੀ ਵਿਚ ਕਿਤੇ ਵੀ ਅਜਿਹਾ ਨਹੀਂ ਲਿਖਿਆ। ਅਸੀਂ ਸਾਰੇ "ਅੰਮ੍ਰਿਤਧਾਰੀ ਖ਼ਾਲਸੇ": ਆਪਣੇ ਆਪ ਨੂੰ ਹੀ "ਸਿੱਖ ਪੰਥ" ਮੰਨਦੇ ਹਾਂ। ਅਸੀਂ ਅੰਮ੍ਰਿਤਧਾਰੀਆਂ ਨੇ ਇਹ ਸਮਝ ਲਿਆ ਹੈ ਕਿ ਸਿਰਫ ਅੰਮ੍ਰਿਤਧਾਰੀ ਹੀ ਸਿੱਖ ਹਨ ਬਾਕੀ ਸਿੱਖ ਸੰਪਰਦਾਵਾਂ ਦੇ ਸ਼ਰਧਾਲੂ ਸਿੱਖ ਨਹੀਂ ਹਨ। ਜਦਕਿ ਬਾਣੀ ਅਨੁਸਾਰ, ਸਿੱਖੀ ਸ਼ਰਧਾ ਨਾਲ ਹੈ; "ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ" "ਸਤਿਗੁਰ ਕੀ ਨਿਤ ਸਰਧਾ ਲਾਗੀ"। (ਅੰਗ 982) ਕੇਸ, ਦਾਹੜੀ, ਪੰਜ ਕਕਾਰ ਆਦਿ ਬਾਹਰਲੇ ਸਰੂਪ ਨਾਲ "ਸਿੱਖੀ" ਨਹੀਂ।



ਠਾਕੁਰ ਦਲੀਪ ਸਿੰਘ

ਸਤਿਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ : "ਨਾ ਸਤਿ ਮੂੰਡ ਮੁਡਾਈ, ਕੇਸੀ ਨਾ ਸਤਿ" (ਅੰਗ-952) "ਛੋਡਹੁ ਵੇਸੁ ਭੇਖ ਚਤੁਰਾਈ" (ਅੰਗ-598)। ਇਸੇ ਤਰ੍ਹਾਂ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ: "ਕੇਸ ਧਰੇ ਨ ਮਿਲੇ ਹਰਿ ਪਿਆਰੇ" ਪੰਨਾ ਨੰ-35 (ਸ੍ਰੀ ਦਸਮ ਗ੍ਰੰਥ ਸਾਹਿਬ)। ਗੁਰਦੁਆਰਾ ਐਕਟ ਵਿਚ ਲਿਖੀ ਹੋਈ ਸਿੱਖ ਦੀ ਪਰਿਭਾਸ਼ਾ ਕੇਵਲ ਗੁਰਦੁਆਰਿਆਂ ਦੀਆਂ ਚੋਣਾਂ ਵਾਸਤੇ ਹੈ। ਸਿੱਖ ਦੀ ਉਸ ਪਰਿਭਾਸ਼ਾ ਦਾ, ਸਿੱਖੀ ਨਾਲ ਕੋਈ ਸੰਬੰਧ ਨਹੀਂ ਕਿਉਂਕਿ, ਇਹ ਪਰਿਭਾਸ਼ਾ ਗੋਰਿਆਂ ਨੇ ਬਣਾਈ ਸੀ, ਕਿਸੇ ਗੁਰੂ ਸਾਹਿਬਾਨ ਦੀ ਲਿਖੀ ਹੋਈ ਨਹੀਂ। ਗੁਰਦੁਆਰਾ ਐਕਟ ਗੋਰਿਆਂ ਨੇ ਬਣਾਇਆ ਸੀ, ਉਸ ਵਿਚ ਹੀ ਸਿੱਖ ਦੀ ਪਰਿਭਾਸ਼ਾ ਵੀ ਲਿਖੀ ਸੀ, ਜਿਸ ਨੂੰ ਅਸਾਂ ਭੁਲੇਖੇ ਵਿਚ ਹੀ ਸਹੀ ਤੇ ਸੱਚੀ ਮੰਨ ਲਿਆ ਹੈ।

ਇਸ ਲਈ ਅੰਮ੍ਰਿਤਧਾਰੀ ਸਿੱਖਾਂ ਨੂੰ : ਬਾਕੀ ਸਾਰੇ ਗੁਰੂ ਕੇ ਸ਼ਰਧਾਲੂ ਨਾਨਕ ਪੰਥੀਆਂ (ਜਿਵੇਂ ਉਦਾਸੀ, ਨਿਰਮਲੇ, ਨਾਮਧਾਰੀ, ਨੀਲਧਾਰੀ, ਨਿਹੰਗ, ਸਿਕਲੀਗਰ, ਸਿੰਧੀ, ਲਾਮੇ, ਵਣਜਾਰੇ ਆਦਿ) ਨੂੰ "ਸਿੱਖ" ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਉਹ ਜਿਸ ਸਰੂਪ ਅਤੇ ਜਿਸ ਵਿਸਵਾਸ਼ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ, ਉਸੇ ਤਰ੍ਹਾਂ ਹੀ, ਬਿਨਾਂ ਉਹਨਾਂ ਦੇ ਵਿਸਵਾਸ਼ ਅਤੇ ਪਰੰਪਰਾਵਾਂ ਬਦਲਣ ਤੋਂ ਹੀ ਉਹਨਾਂ ਨੂੰ "ਸਿੱਖ" ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਕਿਉਂਕਿ, "ਸਿੱਖ ਪੰਥ" "ਗੁਰੂ ਨਾਨਕ ਨਾਮ ਲੇਵਾ ਪੰਥ" ਹੈ ਅਤੇ ਗੁਰੂ ਨਾਨਕ ਨਾਮ ਲੇਵਾ; ਕੋਈ ਵੀ, ਕਿਸੇ ਵੀ ਰੂਪ ਵਿਚ ਹੈ ਜਾਂ ਕਿਸੇ ਵੀ ਤਰ੍ਹਾਂ ਉਹ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦਾ ਅਤੇ ਸ਼ਰਧਾ ਰੱਖਦਾ ਹੈ ਜਾਂ /ਅਤੇ ਉਸ ਦਾ ਬਾਹਰਲਾ ਸਰੂਪ, ਪਰੰਪਰਾਵਾਂ ਆਦਿ ਕਿਸੇ ਵੀ ਤਰ੍ਹਾਂ ਦੀਆਂ ਹਨ, ਉਹਨਾਂ ਸਾਰਿਆਂ ਸਮੇਤ ਹੀ: ਉਹਨਾਂ ਨੂੰ ਸਿੱਖ ਪ੍ਰਵਾਨ ਕਰਨ ਦੀ ਲੋੜ ਹੈ। ਸਾਨੂੰ ਆਪਣੀਆਂ ਪਰੰਪਰਾਵਾਂ ਅਤੇ ਵਿਸਵਾਸ਼, ਉਹਨਾਂ ਉੱਤੇ ਠੋਸਣੇ ਨਹੀਂ ਚਾਹੀਦੇ ਕਿਉਂਕਿ, ਪਰੰਪਰਾਵਾਂ ਤਾਂ ਸਾਡੀਆਂ ਅੰਮ੍ਰਿਤਧਾਰੀ ਸੰਪਰਦਾਵਾਂ ਦੀਆਂ ਵੀ ਆਪਸ ਵਿਚ ਨਹੀਂ ਮਿਲਦੀਆਂ। ਫਿਰ ਬਾਕੀ ਦੀਆਂ ਸੰਪਰਦਾਵਾਂ ਦੀ ਵੀ ਆਪਣੀ-ਆਪਣੀ ਸੁਤੰਤਰ ਹੋਂਦ ਹੈ ਅਤੇ ਆਪਣੀਆਂ-ਆਪਣੀਆਂ ਪ੍ਰੰਪਰਾਵਾਂ ਅਤੇ ਵਿਸ਼ਵਾਸ ਹਨ। ਇਸ ਕਰਕੇ ਆਪਣੇ-ਆਪਣੇ ਥਾਂ ਉਹ ਸਭ ਠੀਕ ਹਨ, ਸਾਨੂੰ ਉਹਨਾਂ ਨੂੰ ਗਲਤ ਕਹਿਣ ਦਾ ਕੋਈ ਹੱਕ ਨਹੀਂ।



ਕਿਸੇ ਵੀ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਸਿੱਖੀ ਕਿਸੇ ਵਿਸ਼ੇਸ਼ ਬਾਹਰਲੇ ਸਰੂਪ ਜਾਂ ਕੇਸ਼ ਦਾਹੜੀ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਹ ਵੀ ਲਿਖਿਆ ਹੈ: "ਜੋਗੁ ਨ ਭਗਵੀ ਕਪੜੀ" ।(ਅੰਗ-1421) "ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ" (ਅੰਗ - 1365)। ਵਿਚਾਰਨ ਦੀ ਲੋੜ ਹੈ; ਕੀ ਆਪਣੇ ਆਪ ਨੂੰ ਅੰਮ੍ਰਿਤਧਾਰੀ ਖਾਲਸੇ ਦੱਸ ਕੇ, ਚੋਣ ਪ੍ਰਣਾਲੀ ਰਾਹੀਂ ਪੰਥ ਪਾੜ ਕੇ: ਗੋਲਕਾਂ ਲੁੱਟਣ ਵਾਲੇ ਹੀ ਅਸਲੀ "ਸਿੱਖ" ਹਨ ? ਜਾਂ, ਇਸ ਕਰਕੇ ਉਹ ਅਸਲੀ "ਸਿੱਖ" ਹਨ ਕਿਉਂਕਿ ਉਹਨਾਂ ਦਾ ਵੱਡਿਆਂ ਗੁਰਦੁਆਰਿਆਂ ਉੱਤੇ ਕਬਜ਼ਾ ਹੈ ? ਬਾਕੀ ਦੇ ਗੁਰੂ ਕੇ ਸ਼ਰਧਾਲੂ ਸਿੱਖ ਕਿਉਂ ਨਹੀਂ ਹਨ ?

ਸਿੱਖ ਵੀਰੋ ਵਿਚਾਰ ਕਰੋ ! ਕੀ ਅਸੀਂ, ਆਪਣਾ ਸਿੱਖ ਪੰਥ ਵਧਾਉਣ ਲਈ, ਸਾਰੇ "ਗੁਰੂ ਕੇ ਸ਼ਰਧਾਲੂ ਨਾਨਕ ਪੰਥੀਆਂ" ਨੂੰ: "ਅੰਮ੍ਰਿਤਧਾਰੀ" ਪੰਜ ਕਕਾਰੀ ਖ਼ਾਲਸੇ ਬਣਾ ਸਕਦੇ ਹਾਂ ? ਅੱਜ ਤਾਂ ਸਾਡੇ ਆਪਣੇ ਬੱਚੇ ਹੀ ਕੇਸ ਰੱਖਣ, ਪੰਜ ਕਕਾਰ ਜਾਂ ਖਾਲਸਾ ਪੰਥ ਦੇ ਐਸੇ ਬਾਹਰਲੇ ਚਿਨ੍ਹ, ਧਾਰਨ ਕਰਨ ਲਈ ਤਿਆਰ ਨਹੀਂ ਹਨ। ਸਾਨੂੰ ਆਪਣਾ "ਸਿੱਖ ਪੰਥ" ਘਟਣ ਤੋਂ ਰੋਕਣ ਲਈ ਅਤੇ ਪੰਥ ਵਧਾਉਣ ਵਾਸਤੇ; ਕੱਟੜ ਸੰਕੀਰਣ ਸੋਚ ਦੀ ਨਹੀਂ, ਵਿਸ਼ਾਲ ਸੋਚ ਦੀ ਲੋੜ ਹੈ। ਸਾਡੇ ਗੁਰੂ ਸਾਹਿਬਾਨਾਂ ਉੱਪਰ ਸ਼ਰਧਾ ਰੱਖਣ ਵਾਲੀਆਂ ਬਹੁਤ ਸਾਰੀਆਂ "ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ" ਹਨ ਜੋ ਕਿ "ਅੰਮ੍ਰਿਤਧਾਰੀ ਖ਼ਾਲਸੇ" ਨਹੀਂ ਹਨ। ਸਾਨੂੰ ਉਨ੍ਹਾਂ ਸਾਰੇ ਗੁਰੂ ਕੇ ਸ਼ਰਧਾਲੂਆਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨਾਲ ਆਪਸੀ ਵਿਤਕਰੇ ਛੱਡ ਕੇ, ਉਹਨਾਂ ਨੂੰ ਪ੍ਰੇਮ ਸਹਿਤ ਸਿੱਖ ਪ੍ਰਵਾਨ ਕਰਕੇ: ਆਪਸ ਵਿਚ ਇਕੱਠੇ ਹੋ ਜਾਣਾ ਚਾਹੀਦਾ ਹੈ। ਗੁਰੂ ਜੀ ਦਾ ਹੁਕਮ ਹੈ : "ਹੋਇ ਇਕਤ੍ਰ ਮਿਲਹੁ ਮੇਰੇ ਭਾਈ" (ਅੰਗ -1185) ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨਾਲ ਮਿਲ ਕੇ ਹੀ ਪੰਥ ਵਧ ਸਕਦਾ ਹੈ।

ਸਿੱਖ ਵੀਰੋ ! ਸਿੱਖ ਪੰਥ: ਸਿਰਫ਼ "ਅੰਮ੍ਰਿਤਧਾਰੀ ਖ਼ਾਲਸੇ" ਹੀ ਨਹੀਂ; ਜਦਕਿ "ਅੰਮ੍ਰਿਤਧਾਰੀ ਖ਼ਾਲਸੇ" (ਖ਼ਾਲਸਾ ਪੰਥ) ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ ਅੰਗ ਹਨ। ਹਰ ਇੱਕ ਮਨੁੱਖ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਲੇ ਬ੍ਰਹਮ ਗਿਆਨੀ ਭਾਈ ਘਨੱਈਆ ਜੀ, ਗੁਰੂ ਕੇ ਮਹਾਨ ਆਸ਼ਿਕ ਭਾਈ ਨੰਦ ਲਾਲ ਜੀ, ਸੋਨੇ ਦੀਆਂ ਮੁਹਰਾਂ ਵਿਛਾ ਕੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜ਼ਮੀਨ ਖਰੀਦਣ ਵਾਲੇ ਦੀਵਾਨ ਟੋਡਰ ਮੱਲ ਜੀ ਆਦਿ ਸਿੱਖ; ਦਸਵੇਂ ਪਾਤਸ਼ਾਹ ਜੀ ਦੇ ਸਮੇਂ ਵੀ 'ਅੰਮ੍ਰਿਤਧਾਰੀ' ਨਹੀਂ ਸਨ: ਪਰ, ਗੁਰੂ ਜੀ ਨੇ ਉਹਨਾਂ ਨੂੰ ਅੰਮ੍ਰਿਤਪਾਨ ਨਾ ਕਰਨ ਕਰਕੇ, ਪੰਥ ਵਿੱਚੋਂ ਕੱਢਿਆ ਨਹੀਂ ਅਤੇ ਉਹ ਵੀ ਗੁਰੂ ਜੀ ਦੇ ਪਿਆਰੇ ਮਹਾਨ ਸਿੱਖ ਸਨ। ਵਿਚਾਰਨਯੋਗ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਤੋਂ ਵਰ੍ਹਦੀਆਂ ਗੋਲੀਆਂ ਵਿਚੋਂ "ਉੱਚ ਦਾ ਪੀਰ" ਰੂਪ ਵਿਚ ਚੁੱਕ ਕੇ ਲੈ ਜਾਣ ਵਾਲੇ ਗੁਰੂ ਕੇ ਸ਼ਰਧਾਲੂ: ਗਨੀ ਖਾਂ, ਨਬੀ ਖਾਂ, ਉਹ ਵੀ ਤਾਂ ਮਹਾਨ ਸਿੱਖ (ਮੁਰੀਦ) ਹੀ ਸਨ। ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਚੋਰੀ ਦੁੱਧ ਪਿਆਉਣ ਵਾਲੇ ਮੋਤੀ ਰਾਮ ਮਹਿਰਾ; "ਜਿਨ੍ਹਾਂ ਦਾ ਸਾਰਾ ਪਰਿਵਾਰ ਵੇਲਣੇ ਰਾਹੀਂ ਪੀੜਿਆ ਗਿਆ ਸੀ": ਉਹ ਵੀ ਅੰਮ੍ਰਿਤਧਾਰੀ ਤਾਂ ਨਹੀਂ ਸਨ ਪਰ, ਗੁਰੂ ਕੇ "ਮਹਾਨ ਸ਼ਰਧਾਲੂ ਸਿੱਖ" ਤਾਂ ਸਨ। ਜੇ ਉਪਰ ਲਿਖੇ ਸਾਰੇ ਨਾਮ: ਦਸਵੇਂ ਪਾਤਸ਼ਾਹ ਜੀ ਵੇਲੇ ਵੀ ਪ੍ਰਵਾਨਿਤ ਮਹਾਨ ਸਿੱਖ ਸਨ। ਫਿਰ, ਅੰਮ੍ਰਿਤ ਨਾ ਛਕਣ ਵਾਲੇ ਬਾਕੀ ਗੁਰੂ ਨਾਨਕ ਨਾਮ ਲੇਵਾ: "ਸਿੱਖ" ਕਿਉਂ ਨਹੀਂ ਹੋ ਸਕਦੇ ? ਸਤਿਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਕਿਤੇ ਵੀ ਆਪਣੀ ਬਾਣੀ ਵਿਚ ਅਜਿਹਾ ਨਹੀਂ ਲਿਖਿਆ: " ਜਿਹੜਾ ਕੇਸ ਨਾ ਰੱਖੇ ਅਤੇ ਅੰਮ੍ਰਿਤ ਨਾ ਛਕੇ, ਉਹ ਸਿੱਖ ਨਹੀਂ ਹੈ"। ਇਸ ਕਰਕੇ, ਸਾਨੂੰ ਆਪਣਾ ਸਿੱਖ ਪੰਥ ਵਧਾਉਣ ਵਾਸਤੇ, ਹਰ ਇੱਕ ਨੂੰ ਅੰਮ੍ਰਿਤਧਾਰੀ-ਕੇਸਾਧਾਰੀ ਬਣਾਉਣ ਦੀ ਕੱਟੜ ਸੰਕੀਰਣ ਸੋਚ ਛੱਡ ਕੇ; ਪੰਥ ਪ੍ਰਫੁੱਲਿਤ ਕਰਨ ਵਾਲੀ ਵਿਸ਼ਾਲ ਸੋਚ ਅਪਣਾ ਕੇ ਸਾਰੇ ਗੁਰੂ ਨਾਨਕ ਨਾਮ ਲੇਵਾ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਦੀ ਰੰਗ-ਬਿਰੰਗੀ ਫੁਲਵਾੜੀ ਨੂੰ, ਉਸੇ ਤਰ੍ਹਾਂ ਹੀ ਰੰਗ-ਬਿਰੰਗੀ ਰੱਖ ਕੇ ਹੀ ਪ੍ਰਫੁੱਲਿਤ ਕਰਨਾ ਚਾਹੀਦਾ ਹੈ। ਆਪਾਂ ਨੂੰ ਯਤਨ ਕਰਕੇ ਸਾਰੇ ਸੰਸਾਰ ਨੂੰ ਧੰਨ ਸਤਿਗੁਰੂ ਨਾਨਕ ਆਖਣ ਲਾਉਣਾ ਚਾਹੀਦਾ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣਾ ਕੇ ਉਹਨਾਂ ਦੇ ਚਰਨੀਂ ਲਾਉਣਾ ਚਾਹੀਦਾ ਹੈ ਤਾਂ ਕਿ ਸਾਰਿਆਂ ਦਾ ਪਾਰ ਉਤਾਰਾ ਹੋ ਸਕੇ ਅਤੇ ਗੁਰੂ ਦੇ ਚਰਨੀਂ ਲੱਗ ਕੇ ਸਾਰੀ ਸ੍ਰਿਸ਼ਟੀ ਉਹਨਾਂ ਦੀ ਸਿੱਖਿਆਵਾਂ ਨੂੰ ਅਪਣਾ ਕੇ ਸੁਖੀ ਵਸੇ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com




# ਗੀਤ 'ਕੁਸੂ ਕੁਸੂ' ਦੀ ਸ਼ੂਟਿੰਗ ਦੌਰਾਨ ਮੇਰਾ ਗਲਾ ਘੁੱਟਿਆ ਗਿਆ-ਨੋਰਾ ਫਤੇਹੀ

ਮੁੰਬਈ-ਅਦਾਕਾਰਾ ਨੋਰਾ ਫਤੇਹੀ ਨੇ ਆਪਣੀ ਆਉਣ ਵਾਲੀ ਫ਼ਿਲਮ 'ਸੱਤਿਆਮੇਵ ਜਯਤੇ 2 ਦੇ ਗੀਤ 'ਕੁਸੂ ਕੁਸੂ ਦੀ ਸ਼ੂਟਿੰਗ ਨੂੰ ਸੈੱਟ ਦਾ ਸਭ ਤੋਂ ਮਾੜਾ ਤਜਰਬਾ ਕਰਾਰ ਦਿੱਤਾ ਹੈ, ਕਿਉਂਕਿ ਗੀਤ ਦੀ ਸ਼ੂਟਿੰਗ ਦੌਰਾਨ ਨੋਰਾ ਨੇ ਜਿਹੜੀ ਪੁਸ਼ਾਕ ਪਹਿਨੀ ਸੀ ਉਸ ਨੇ ਅਦਾਕਾਰਾ ਦਾ ਗਲਾ ਘੁੱਟ ਦਿੱਤਾ। ਅਦਾਕਾਰਾ ਨੇ ਸ਼ੂਟਿੰਗ ਦੌਰਾਨ ਬਾਡੀਸੂਟ ਨਾਲ ਜੁੜਿਆ ਵੇਇਲ ਕੈਪ (ਪੁਸ਼ਾਕ ਦਾ ਪਿੱਠ ਤੇ ਲਟਕਣ ਵਾਲਾ ਕੱਪੜਾ) ਪਹਿਨਿਆ ਹੋਇਆ ਸੀ, ਜੋ ਉਸ ਦੇ ਹਾਰ ਨਾਲ ਬੰਨ੍ਹਿਆ ਹੋਇਆ ਸੀ। ਉਸ ਦਾ ਭਾਰ ਕਾਫੀ ਜ਼ਿਆਦਾ ਹੋਣ ਕਾਰਨ ਉਸ ਦਾ ਗਲਾ ਘੁੱਟਿਆ ਗਿਆ ਅਤੇ ਗਰਦਨ ਤੇ ਨਿਸ਼ਾਨ ਪੈ ਗਏ। ਨੋਰਾ ਨੇ ਕਿਹਾ, "ਸੈੱਟ ਤੇ ਅਕਸਰ ਗੋਡਿਆਂ ਤੇ ਸੱਟ, ਪੈਰਾਂ ਚੋਂ ਖ਼ੂਨ ਨਿਕਲਣਾ ਜਾਂ ਹੋਰ ਛੋਟੀਆਂ-ਮੋਟੀਆਂ ਘਟਨਾਵਾਂ ਵਾਪਰਨਾ ਆਮ ਵਰਤਾਰਾ ਹੈ ਪਰ ਇਹ ਮੇਰਾ ਸੈੱਟ ਤੇ ਸਭ ਤੋਂ ਮਾੜਾ ਤਜਰਬਾ ਰਿਹਾ। ਕੈਪ ਦਾ ਭਾਰ ਜ਼ਿਆਦਾ ਹੋਣ ਕਾਰਨ ਹਾਰ ਬਹੁਤ ਤੰਗ ਹੋ ਗਿਆ ਅਤੇ ਮੇਰੇ ਲਗਾਤਾਰ ਹਿੱਲ-ਜੁੱਲ ਕਰਨ ਕਰਕੇ ਉਸ ਨੇ ਮੇਰੀ ਗਰਦਨ ਤੇ ਨਿਸ਼ਾਨ ਪਾ ਦਿੱਤੇ। ਉਸ ਨੇ ਦੱਸਿਆ, "ਅਜਿਹਾ ਮਹਿਸੂਸ ਹੋ ਰਿਹਾ ਸੀ ਜਿਵੇਂ ਕਿਸੇ ਨੇ ਮੇਰੇ ਗਲੇ ਵਿੱਚ ਰੱਸੀ ਬੰਨ੍ਹ ਦਿੱਤੀ ਹੋਵੇ ਅਤੇ ਮੈਨੂੰ ਫਰਸ਼ ਤੇ ਘਸੀਟਿਆ ਜਾ ਰਿਹਾ ਹੋਵੇ। ਸਾਡੇ ਕੋਲ ਸ਼ੂਟਿੰਗ ਲਈ ਸਮਾਂ ਸੀਮਤ ਹੋਣ ਕਰਕੇ ਮੈਂ ਗੀਤ ਫਿਲਮਾਂਕਣ ਜਾਰੀ ਰੱਖਿਆ ਅਤੇ ਸੀਨ ਪੂਰਾ ਹੋਣ ਤੋਂ ਬਾਅਦ ਹੀ ਬਰੇਕ ਲਈ। ਮਿਲਨ ਮਿਲਾਪ ਜ਼ਾਵੇਰੀ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਸੱਤਿਆਮੇਵ ਜਯਤੇ 2 2018 ਵਿੱਚ ਆਈ ਫਿਲਮ 'ਸੱਤਿਆਮੇਵ ਜਯਤੇ ਦਾ ਦੂਜਾ ਭਾਗ ਹੈ। ਇਸ ਵਿੱਚ ਜੌਹਨ ਅਬਰਾਹਮ ਨੂੰ ਭ੍ਰਿਸ਼ਟਾਚਾਰ ਵਿਰੁੱਧ ਲੜਦੇ ਦਿਖਾਇਆ ਗਿਆ ਹੈ। ਫਿਲਮ 25 ਨਵੰਬਰ ਨੂੰ ਰਿਲੀਜ਼ ਹੋਵੇਗੀ।

# 'ਬੰਟੀ ਔਰ ਬਬਲੀ 2' ਇਕ ਪਰਿਵਾਰਕ ਮਨੋਰੰਜਕ ਫਿਲਮ-ਰਾਣੀ ਮੁਖਰਜੀ

ਮੁੰਬਈ-ਅਦਾਕਾਰਾ ਰਾਣੀ ਮੁਖਰਜੀ ਦਾ ਮੰਨਣਾ ਹੈ ਕਿ ਉਸ ਦੀ ਆਉਣ ਵਾਲੀ ਫਿਲਮ 'ਬੰਟੀ ਔਰ ਬਬਲੀ 2 ਇਕ ਪਰਿਵਾਰਕ ਮਨੋਰੰਜਕ ਫਿਲਮ ਹੈ। ਅਜਿਹੀਆਂ ਫਿਲਮਾਂ ਨੂੰ ਹਿੰਦੀ ਫਿਲਮ ਸਨਅਤ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਫਿਲਮ 2005 ਵਿੱਚ ਸ਼ਾਦ ਅਲੀ ਵੱਲੋਂ ਨਿਰਦੇਸ਼ਿਤ ਫਿਲਮ 'ਬੰਟੀ ਔਰ ਬਬਲੀ ਦਾ ਅਗਲਾ ਭਾਗ ਹੈ, ਜਿਸ ਵਿੱਚ ਅਦਾਕਾਰਾ ਰਾਣੀ ਮੁਖਰਜੀ ਤੇ ਅਭਿਸ਼ੇਕ ਬੱਚਨ ਨੇ ਭੂਮਿਕਾ ਨਿਭਾਈ ਸੀ। ਹੁਣ 'ਬੰਟੀ ਔਰ ਬਬਲੀ 2 ਵਿੱਚ ਬੱਚਨ ਦੀ ਜਗ੍ਹਾ ਸੈਫ ਅਲੀ ਖਾਨ ਹੈ। ਰਾਣੀ ਮੁਖਰਜੀ ਦਾ ਕਹਿਣਾ ਹੈ ਕਿ ਇਹ ਫਿਲਮ ਯਸ਼ ਰਾਜ ਫਿਲਮਜ਼ ਦੇ ਬੈਨਰ ਹੇਠ ਬਣਾਈ ਗਈ ਹੈ, ਜੋ ਕਿ ਕਾਫ਼ੀ ਮਨੋਰੰਜਨ ਭਰਪੂਰ ਹੈ। ਅਦਾਕਾਰਾ ਨੇ ਕਿਹਾ, "ਅੱਜ ਦੇ ਦੌਰ ਵਿੱਚ ਅਸੀਂ ਬਹੁਤ ਹੀ ਘੱਟ ਪਰਿਵਾਰਕ ਮਨੋਰੰਜਨ ਫਿਲਮਾਂ ਬਣਾਉਂਦੇ ਹਾਂ ਅਤੇ 'ਬੰਟੀ ਔਰ ਬਬਲੀ 2' ਅਜਿਹੀ ਪਰਿਵਾਰਕ ਮਨੋਰੰਜਨ ਫਿਲਮ ਹੈ, ਜਿਸ ਨੂੰ ਅਸੀਂ ਪੂਰੇ ਪਰਿਵਾਰ ਨਾਲ ਬੈਠ ਕੇ ਦੇਖ ਸਕਦੇ ਹਾਂ। ਇਹ ਫਿਲਮ ਵਰੁਣ ਵੀ ਸ਼ਰਮਾ ਵੱਲੋਂ ਨਿਰਦੇਸ਼ਿਤ ਕੀਤੀ ਗਈ ਹੈ ਜੋ ਪਹਿਲਾਂ 'ਸੁਲਤਾਨ ਤੇ 'ਟਾਈਗਰ ਜ਼ਿੰਦਾ ਹੈ' ਲਈ ਬਤੌਰ ਸਹਾਇਕ ਨਿਰਦੇਸ਼ਕ ਕੰਮ ਕਰ ਚੁੱਕਾ ਹੈ।






ਧਰਮ-ਆਸਥਾ

# ਸਿੱਖ ਪੰਥ ਨੂੰ ਪ੍ਰਫੁੱਲਿਤ ਕਰਨ ਦੇ ਉਪਾਅ

"ਸਿੱਖ ਪੰਥ" ਘਟ ਰਿਹਾ ਹੈ: ਪੰਥ ਨੂੰ ਘਟਣ ਤੋਂ ਰੋਕਣ ਲਈ ਅਤੇ ਪੰਥ ਵਧਾਉਣ ਵਾਸਤੇ, ਹਰ ਸਿੱਖ ਨੂੰ; ਹੇਠ ਲਿਖੇ ਨੁਕਤਿਆਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਇਹਨਾਂ ਨੁਕਤਿਆਂ ਦਾ ਗੁਰਦੁਆਰਾ ਚੋਣਾਂ ਨਾਲ ਕੋਈ ਸੰਬੰਧ ਨਹੀਂ। (ਗੁਰਦੁਆਰਾ ਚੋਣਾਂ ਤਾਂ ਹੋਣੀਆਂ ਹੀ ਨਹੀਂ ਚਾਹੀਦੀਆਂ ਕਿਉਂਕਿ, ਉਹ ਸਿੱਖ ਪੰਥ ਲਈ ਅਤਿ ਹਾਨੀਕਾਰਕ ਹਨ)। ਇਹ ਕੇਵਲ ਸਿੱਖੀ ਨੂੰ ਪ੍ਰਫੁੱਲਿਤ ਕਰਨ ਸੰਬੰਧੀ ਵਿਚਾਰਾਂ ਹਨ ਅਤੇ ਅੰਮ੍ਰਿਤਧਾਰੀ ਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਭਾਵੇਂ "ਅੰਮ੍ਰਿਤਧਾਰੀ ਖਾਲਸੇ" ਹੋਣਾ ਬਹੁਤ ਚੰਗੀ ਗੱਲ ਹੈ ਪਰ "ਸਿੱਖ" ਹੋਣ ਵਾਸਤੇ ਅੰਮ੍ਰਿਤਧਾਰੀ ਖਾਲਸੇ ਹੋਣਾ ਜ਼ਰੂਰੀ ਨਹੀਂ ਕਿਉਂਕਿ, ਗੁਰੂ ਸਾਹਿਬ ਜੀ ਵੱਲੋਂ ਆਪਣੀ ਬਾਣੀ ਵਿਚ ਕਿਤੇ ਵੀ ਅਜਿਹਾ ਨਹੀਂ ਲਿਖਿਆ। ਅਸੀਂ ਸਾਰੇ "ਅੰਮ੍ਰਿਤਧਾਰੀ ਖ਼ਾਲਸੇ": ਆਪਣੇ ਆਪ ਨੂੰ ਹੀ "ਸਿੱਖ ਪੰਥ" ਮੰਨਦੇ ਹਾਂ। ਅਸੀਂ ਅੰਮ੍ਰਿਤਧਾਰੀਆਂ ਨੇ ਇਹ ਸਮਝ ਲਿਆ ਹੈ ਕਿ ਸਿਰਫ ਅੰਮ੍ਰਿਤਧਾਰੀ ਹੀ ਸਿੱਖ ਹਨ ਬਾਕੀ ਸਿੱਖ ਸੰਪਰਦਾਵਾਂ ਦੇ ਸ਼ਰਧਾਲੂ ਸਿੱਖ ਨਹੀਂ ਹਨ। ਜਦਕਿ ਬਾਣੀ ਅਨੁਸਾਰ, ਸਿੱਖੀ ਸ਼ਰਧਾ ਨਾਲ ਹੈ; "ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ" "ਸਤਿਗੁਰ ਕੀ ਨਿਤ ਸਰਧਾ ਲਾਗੀ"। (ਅੰਗ 982) ਕੇਸ, ਦਾਹੜੀ, ਪੰਜ ਕਕਾਰ ਆਦਿ ਬਾਹਰਲੇ ਸਰੂਪ ਨਾਲ "ਸਿੱਖੀ" ਨਹੀਂ।


ਠਾਕੁਰ ਦਲੀਪ ਸਿੰਘ

ਸਤਿਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ : "ਨਾ ਸਤਿ ਮੂੰਡ ਮੁਡਾਈ, ਕੇਸੀ ਨਾ ਸਤਿ" (ਅੰਗ-952) "ਛੋਡਹੁ ਵੇਸੁ ਭੇਖ ਚਤੁਰਾਈ" (ਅੰਗ-598)। ਇਸੇ ਤਰ੍ਹਾਂ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ: "ਕੇਸ ਧਰੇ ਨ ਮਿਲੇ ਹਰਿ ਪਿਆਰੇ" ਪੰਨਾ ਨੰ-35 (ਸ੍ਰੀ ਦਸਮ ਗ੍ਰੰਥ ਸਾਹਿਬ)। ਗੁਰਦੁਆਰਾ ਐਕਟ ਵਿਚ ਲਿਖੀ ਹੋਈ ਸਿੱਖ ਦੀ ਪਰਿਭਾਸ਼ਾ ਕੇਵਲ ਗੁਰਦੁਆਰਿਆਂ ਦੀਆਂ ਚੋਣਾਂ ਵਾਸਤੇ ਹੈ। ਸਿੱਖ ਦੀ ਉਸ ਪਰਿਭਾਸ਼ਾ ਦਾ, ਸਿੱਖੀ ਨਾਲ ਕੋਈ ਸੰਬੰਧ ਨਹੀਂ ਕਿਉਂਕਿ, ਇਹ ਪਰਿਭਾਸ਼ਾ ਗੋਰਿਆਂ ਨੇ ਬਣਾਈ ਸੀ, ਕਿਸੇ ਗੁਰੂ ਸਾਹਿਬਾਨ ਦੀ ਲਿਖੀ ਹੋਈ ਨਹੀਂ। ਗੁਰਦੁਆਰਾ ਐਕਟ ਗੋਰਿਆਂ ਨੇ ਬਣਾਇਆ ਸੀ, ਉਸ ਵਿਚ ਹੀ ਸਿੱਖ ਦੀ ਪਰਿਭਾਸ਼ਾ ਵੀ ਲਿਖੀ ਸੀ, ਜਿਸ ਨੂੰ ਅਸਾਂ ਭੁਲੇਖੇ ਵਿਚ ਹੀ ਸਹੀ ਤੇ ਸੱਚੀ ਮੰਨ ਲਿਆ ਹੈ।

ਇਸ ਲਈ ਅੰਮ੍ਰਿਤਧਾਰੀ ਸਿੱਖਾਂ ਨੂੰ : ਬਾਕੀ ਸਾਰੇ ਗੁਰੂ ਕੇ ਸ਼ਰਧਾਲੂ ਨਾਨਕ ਪੰਥੀਆਂ (ਜਿਵੇਂ ਉਦਾਸੀ, ਨਿਰਮਲੇ, ਨਾਮਧਾਰੀ, ਨੀਲਧਾਰੀ, ਨਿਹੰਗ, ਸਿਕਲੀਗਰ, ਸਿੰਧੀ, ਲਾਮੇ, ਵਣਜਾਰੇ ਆਦਿ) ਨੂੰ "ਸਿੱਖ" ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਉਹ ਜਿਸ ਸਰੂਪ ਅਤੇ ਜਿਸ ਵਿਸਵਾਸ਼ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ, ਉਸੇ ਤਰ੍ਹਾਂ ਹੀ, ਬਿਨਾਂ ਉਹਨਾਂ ਦੇ ਵਿਸਵਾਸ਼ ਅਤੇ ਪਰੰਪਰਾਵਾਂ ਬਦਲਣ ਤੋਂ ਹੀ ਉਹਨਾਂ ਨੂੰ "ਸਿੱਖ" ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਕਿਉਂਕਿ, "ਸਿੱਖ ਪੰਥ" "ਗੁਰੂ ਨਾਨਕ ਨਾਮ ਲੇਵਾ ਪੰਥ" ਹੈ ਅਤੇ ਗੁਰੂ ਨਾਨਕ ਨਾਮ ਲੇਵਾ; ਕੋਈ ਵੀ, ਕਿਸੇ ਵੀ ਰੂਪ ਵਿਚ ਹੈ ਜਾਂ ਕਿਸੇ ਵੀ ਤਰ੍ਹਾਂ ਉਹ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦਾ ਅਤੇ ਸ਼ਰਧਾ ਰੱਖਦਾ ਹੈ ਜਾਂ /ਅਤੇ ਉਸ ਦਾ ਬਾਹਰਲਾ ਸਰੂਪ, ਪਰੰਪਰਾਵਾਂ ਆਦਿ ਕਿਸੇ ਵੀ ਤਰ੍ਹਾਂ ਦੀਆਂ ਹਨ, ਉਹਨਾਂ ਸਾਰਿਆਂ ਸਮੇਤ ਹੀ: ਉਹਨਾਂ ਨੂੰ ਸਿੱਖ ਪ੍ਰਵਾਨ ਕਰਨ ਦੀ ਲੋੜ ਹੈ। ਸਾਨੂੰ ਆਪਣੀਆਂ ਪਰੰਪਰਾਵਾਂ ਅਤੇ ਵਿਸਵਾਸ਼, ਉਹਨਾਂ ਉੱਤੇ ਠੋਸਣੇ ਨਹੀਂ ਚਾਹੀਦੇ ਕਿਉਂਕਿ, ਪਰੰਪਰਾਵਾਂ ਤਾਂ ਸਾਡੀਆਂ ਅੰਮ੍ਰਿਤਧਾਰੀ ਸੰਪਰਦਾਵਾਂ ਦੀਆਂ ਵੀ ਆਪਸ ਵਿਚ ਨਹੀਂ ਮਿਲਦੀਆਂ। ਫਿਰ ਬਾਕੀ ਦੀਆਂ ਸੰਪਰਦਾਵਾਂ ਦੀ ਵੀ ਆਪਣੀ-ਆਪਣੀ ਸੁਤੰਤਰ ਹੋਂਦ ਹੈ ਅਤੇ ਆਪਣੀਆਂ-ਆਪਣੀਆਂ ਪ੍ਰੰਪਰਾਵਾਂ ਅਤੇ ਵਿਸ਼ਵਾਸ ਹਨ। ਇਸ ਕਰਕੇ ਆਪਣੇ-ਆਪਣੇ ਥਾਂ ਉਹ ਸਭ ਠੀਕ ਹਨ, ਸਾਨੂੰ ਉਹਨਾਂ ਨੂੰ ਗਲਤ ਕਹਿਣ ਦਾ ਕੋਈ ਹੱਕ ਨਹੀਂ।



ਕਿਸੇ ਵੀ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਸਿੱਖੀ ਕਿਸੇ ਵਿਸ਼ੇਸ਼ ਬਾਹਰਲੇ ਸਰੂਪ ਜਾਂ ਕੇਸ਼ ਦਾਹੜੀ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਹ ਵੀ ਲਿਖਿਆ ਹੈ: "ਜੋਗੁ ਨ ਭਗਵੀ ਕਪੜੀ"।(ਅੰਗ-1421) "ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ" (ਅੰਗ - 1365)। ਵਿਚਾਰਨ ਦੀ ਲੋੜ ਹੈ; ਕੀ ਆਪਣੇ ਆਪ ਨੂੰ ਅੰਮ੍ਰਿਤਧਾਰੀ ਖਾਲਸੇ ਦੱਸ ਕੇ, ਚੋਣ ਪ੍ਰਣਾਲੀ ਰਾਹੀਂ ਪੰਥ ਪਾੜ ਕੇ: ਗੋਲਕਾਂ ਲੁੱਟਣ ਵਾਲੇ ਹੀ ਅਸਲੀ "ਸਿੱਖ" ਹਨ ? ਜਾਂ, ਇਸ ਕਰਕੇ ਉਹ ਅਸਲੀ "ਸਿੱਖ" ਹਨ ਕਿਉਂਕਿ ਉਹਨਾਂ ਦਾ ਵੱਡਿਆਂ ਗੁਰਦੁਆਰਿਆਂ ਉੱਤੇ ਕਬਜ਼ਾ ਹੈ ? ਬਾਕੀ ਦੇ ਗੁਰੂ ਕੇ ਸ਼ਰਧਾਲੂ ਸਿੱਖ ਕਿਉਂ ਨਹੀਂ ਹਨ ?

ਸਿੱਖ ਵੀਰੋ ਵਿਚਾਰ ਕਰੋ ! ਕੀ ਅਸੀਂ, ਆਪਣਾ ਸਿੱਖ ਪੰਥ ਵਧਾਉਣ ਲਈ, ਸਾਰੇ "ਗੁਰੂ ਕੇ ਸ਼ਰਧਾਲੂ ਨਾਨਕ ਪੰਥੀਆਂ" ਨੂੰ: "ਅੰਮ੍ਰਿਤਧਾਰੀ" ਪੰਜ ਕਕਾਰੀ ਖ਼ਾਲਸੇ ਬਣਾ ਸਕਦੇ ਹਾਂ ? ਅੱਜ ਤਾਂ ਸਾਡੇ ਆਪਣੇ ਬੱਚੇ ਹੀ ਕੇਸ ਰੱਖਣ, ਪੰਜ ਕਕਾਰ ਜਾਂ ਖਾਲਸਾ ਪੰਥ ਦੇ ਐਸੇ ਬਾਹਰਲੇ ਚਿਨ੍ਹ, ਧਾਰਨ ਕਰਨ ਲਈ ਤਿਆਰ ਨਹੀਂ ਹਨ। ਸਾਨੂੰ ਆਪਣਾ "ਸਿੱਖ ਪੰਥ" ਘਟਣ ਤੋਂ ਰੋਕਣ ਲਈ ਅਤੇ ਪੰਥ ਵਧਾਉਣ ਵਾਸਤੇ; ਕੱਟੜ ਸੰਕੀਰਣ ਸੋਚ ਦੀ ਨਹੀਂ, ਵਿਸ਼ਾਲ ਸੋਚ ਦੀ ਲੋੜ ਹੈ। ਸਾਡੇ ਗੁਰੂ ਸਾਹਿਬਾਨਾਂ ਉੱਪਰ ਸ਼ਰਧਾ ਰੱਖਣ ਵਾਲੀਆਂ ਬਹੁਤ ਸਾਰੀਆਂ "ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ" ਹਨ ਜੋ ਕਿ "ਅੰਮ੍ਰਿਤਧਾਰੀ ਖ਼ਾਲਸੇ" ਨਹੀਂ ਹਨ। ਸਾਨੂੰ ਉਨ੍ਹਾਂ ਸਾਰੇ ਗੁਰੂ ਕੇ ਸ਼ਰਧਾਲੂਆਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨਾਲ ਆਪਸੀ ਵਿਤਕਰੇ ਛੱਡ ਕੇ, ਉਹਨਾਂ ਨੂੰ ਪ੍ਰੇਮ ਸਹਿਤ ਸਿੱਖ ਪ੍ਰਵਾਨ ਕਰਕੇ: ਆਪਸ ਵਿਚ ਇਕੱਠੇ ਹੋ ਜਾਣਾ ਚਾਹੀਦਾ ਹੈ। ਗੁਰੂ ਜੀ ਦਾ ਹੁਕਮ ਹੈ : "ਹੋਇ ਇਕਤ੍ਰ ਮਿਲਹੁ ਮੇਰੇ ਭਾਈ" (ਅੰਗ -1185) ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨਾਲ ਮਿਲ ਕੇ ਹੀ ਪੰਥ ਵਧ ਸਕਦਾ ਹੈ।

ਸਿੱਖ ਵੀਰੋ ! ਸਿੱਖ ਪੰਥ: ਸਿਰਫ਼ "ਅੰਮ੍ਰਿਤਧਾਰੀ ਖ਼ਾਲਸੇ" ਹੀ ਨਹੀਂ; ਜਦਕਿ "ਅੰਮ੍ਰਿਤਧਾਰੀ ਖ਼ਾਲਸੇ" (ਖ਼ਾਲਸਾ ਪੰਥ) ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ ਅੰਗ ਹਨ। ਹਰ ਇੱਕ ਮਨੁੱਖ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਲੇ ਬ੍ਰਹਮ ਗਿਆਨੀ ਭਾਈ ਘਨੱਈਆ ਜੀ, ਗੁਰੂ ਕੇ ਮਹਾਨ ਆਸ਼ਿਕ ਭਾਈ ਨੰਦ ਲਾਲ ਜੀ, ਸੋਨੇ ਦੀਆਂ ਮੁਹਰਾਂ ਵਿਛਾ ਕੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜ਼ਮੀਨ ਖਰੀਦਣ ਵਾਲੇ ਦੀਵਾਨ ਟੋਡਰ ਮੱਲ ਜੀ ਆਦਿ ਸਿੱਖ; ਦਸਵੇਂ ਪਾਤਸ਼ਾਹ ਜੀ ਦੇ ਸਮੇਂ ਵੀ 'ਅੰਮ੍ਰਿਤਧਾਰੀ' ਨਹੀਂ ਸਨ: ਪਰ, ਗੁਰੂ ਜੀ ਨੇ ਉਹਨਾਂ ਨੂੰ ਅੰਮ੍ਰਿਤਪਾਨ ਨਾ ਕਰਨ ਕਰਕੇ, ਪੰਥ ਵਿੱਚੋਂ ਕੱਢਿਆ ਨਹੀਂ ਅਤੇ ਉਹ ਵੀ ਗੁਰੂ ਜੀ ਦੇ ਪਿਆਰੇ ਮਹਾਨ ਸਿੱਖ ਸਨ। ਵਿਚਾਰਨਯੋਗ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਤੋਂ ਵਰ੍ਹਦੀਆਂ ਗੋਲੀਆਂ ਵਿਚੋਂ "ਉੱਚ ਦਾ ਪੀਰ" ਰੂਪ ਵਿਚ ਚੁੱਕ ਕੇ ਲੈ ਜਾਣ ਵਾਲੇ ਗੁਰੂ ਕੇ ਸ਼ਰਧਾਲੂ: ਗਨੀ ਖਾਂ, ਨਬੀ ਖਾਂ, ਉਹ ਵੀ ਤਾਂ ਮਹਾਨ ਸਿੱਖ (ਮੁਰੀਦ) ਹੀ ਸਨ। ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਚੋਰੀ ਦੁੱਧ ਪਿਆਉਣ ਵਾਲੇ ਮੋਤੀ ਰਾਮ ਮਹਿਰਾ; "ਜਿਨ੍ਹਾਂ ਦਾ ਸਾਰਾ ਪਰਿਵਾਰ ਵੇਲਣੇ ਰਾਹੀਂ ਪੀੜਿਆ ਗਿਆ ਸੀ": ਉਹ ਵੀ ਅੰਮ੍ਰਿਤਧਾਰੀ ਤਾਂ ਨਹੀਂ ਸਨ ਪਰ, ਗੁਰੂ ਕੇ "ਮਹਾਨ ਸ਼ਰਧਾਲੂ ਸਿੱਖ" ਤਾਂ ਸਨ। ਜੇ ਉਪਰ ਲਿਖੇ ਸਾਰੇ ਨਾਮ: ਦਸਵੇਂ ਪਾਤਸ਼ਾਹ ਜੀ ਵੇਲੇ ਵੀ ਪ੍ਰਵਾਨਿਤ ਮਹਾਨ ਸਿੱਖ ਸਨ। ਫਿਰ, ਅੰਮ੍ਰਿਤ ਨਾ ਛਕਣ ਵਾਲੇ ਬਾਕੀ ਗੁਰੂ ਨਾਨਕ ਨਾਮ ਲੇਵਾ: "ਸਿੱਖ" ਕਿਉਂ ਨਹੀਂ ਹੋ ਸਕਦੇ ? ਸਤਿਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਕਿਤੇ ਵੀ ਆਪਣੀ ਬਾਣੀ ਵਿਚ ਅਜਿਹਾ ਨਹੀਂ ਲਿਖਿਆ: " ਜਿਹੜਾ ਕੇਸ ਨਾ ਰੱਖੇ ਅਤੇ ਅੰਮ੍ਰਿਤ ਨਾ ਛਕੇ, ਉਹ ਸਿੱਖ ਨਹੀਂ ਹੈ"। ਇਸ ਕਰਕੇ, ਸਾਨੂੰ ਆਪਣਾ ਸਿੱਖ ਪੰਥ ਵਧਾਉਣ ਵਾਸਤੇ, ਹਰ ਇੱਕ ਨੂੰ ਅੰਮ੍ਰਿਤਧਾਰੀ-ਕੇਸਾਧਾਰੀ ਬਣਾਉਣ ਦੀ ਕੱਟੜ ਸੰਕੀਰਣ ਸੋਚ ਛੱਡ ਕੇ; ਪੰਥ ਪ੍ਰਫੁੱਲਿਤ ਕਰਨ ਵਾਲੀ ਵਿਸ਼ਾਲ ਸੋਚ ਅਪਣਾ ਕੇ ਸਾਰੇ ਗੁਰੂ ਨਾਨਕ ਨਾਮ ਲੇਵਾ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਦੀ ਰੰਗ-ਬਿਰੰਗੀ ਫੁਲਵਾੜੀ ਨੂੰ, ਉਸੇ ਤਰ੍ਹਾਂ ਹੀ ਰੰਗ-ਬਿਰੰਗੀ ਰੱਖ ਕੇ ਹੀ ਪ੍ਰਫੁੱਲਿਤ ਕਰਨਾ ਚਾਹੀਦਾ ਹੈ। ਆਪਾਂ ਨੂੰ ਯਤਨ ਕਰਕੇ ਸਾਰੇ ਸੰਸਾਰ ਨੂੰ ਧੰਨ ਸਤਿਗੁਰੂ ਨਾਨਕ ਆਖਣ ਲਾਉਣਾ ਚਾਹੀਦਾ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣਾ ਕੇ ਉਹਨਾਂ ਦੇ ਚਰਨੀਂ ਲਾਉਣਾ ਚਾਹੀਦਾ ਹੈ ਤਾਂ ਕਿ ਸਾਰਿਆਂ ਦਾ ਪਾਰ ਉਤਾਰਾ ਹੋ ਸਕੇ ਅਤੇ ਗੁਰੂ ਦੇ ਚਰਨੀਂ ਲੱਗ ਕੇ ਸਾਰੀ ਸ੍ਰਿਸ਼ਟੀ ਉਹਨਾਂ ਦੀ ਸਿੱਖਿਆਵਾਂ ਨੂੰ ਅਪਣਾ ਕੇ ਸੁਖੀ ਵਸੇ।

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract

Residential & Commercial
Gurvinder Sanghera: 604-729-1435
Email: gsanghera77@gmail.com



## ਸ਼ਨਾਇਆ ਕਪੂਰ ਨੇ ਡੈਬਿਊ ਫਿਲਮ 'ਦੋਨੋਂ ਮਿਲੇ ਇਸ ਤਰ੍ਹਾਂ' ਦੇ ਲਈ ਸ਼ੂਟਿੰਗ ਸ਼ੁਰੂ ਕੀਤੀ

ਮੁੰਬਈ-ਸੰਜੇ ਕਪੂਰ ਦੀ ਬੇਟੀ ਸ਼ਨਾਇਆ ਕਪੂਰ ਨੇ ਆਪਣੀ ਡੈਬਿਊ ਫਿਲਮ 'ਦੋਨੋਂ ਮਿਲੇ ਇਸ ਤਰ੍ਹਾਂ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਸੰਜੇ ਨੇ ਇਸ ਮੌਕੇ ਉੱਤੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਲਿਖ ਕੇ ਬੇਟੀ ਦਾ ਹੌਸਲਾ ਵਧਾਇਆ ਹੈ। ਸੰਜੇ ਨੇ ਸ਼ਨਾਇਆ ਦੇ ਨਾਲ ਤਸਵੀਰਾਂ ਸ਼ੇਅਰ ਕਰ ਕੇ ਲਿਖਿਆ, "ਨਵੀਂ ਸ਼ੁਰੂਆਤ, ਤੇਰੇ ਉੱਤੇ ਮਾਣ ਹੈ, ਖੂਬ ਮਿਹਨਤ ਕਰੋ, ਫੋਕਸ ਕਰੋ, ਇਹ ਤਾਂ ਬੱਸ ਸ਼ੁਰੂਆਤ ਹੈ, ਸਕਾਇ ਇਜ਼ ਦ ਲਿਮਿਟ। ਲਵ ਯੂ।" ਦੱਸਣਾ ਬਣਦਾ ਹੈ ਕਿ ਇਸ ਫਿਲਮ ਦੀ ਸ਼ੂਟਿੰਗ ਇਸ ਸਾਲ ਜੁਲਾਈ ਵਿੱਚ ਸ਼ੁਰੂ ਹੋਣੀ ਸੀ, ਮਹਾਮਾਰੀ ਕਾਰਨ ਇਸ ਵਿੱਚ ਦੇਰੀ ਹੋਈ। ਫਿਲਮ ਵਿੱਚ ਸ਼ਨਾਇਆ ਦੀ ਜੋੜੀ ਗੁਰਫਤੇਹ ਪੀਰਜ਼ਾਦਾ ਅਤੇ ਲਕਸ਼ ਲਾਲਵਾਨੀ ਨਾਲ ਨਜ਼ਰ ਆਏਗੀ।

# ਮੈਨੂੰ ਸ਼ੁਰੂਆਤ ਤੋਂ ਹੀ ਚੰਗੀਆਂ ਕਹਾਣੀਆਂ ਮਿਲੀਆਂ-ਭੂਮੀ



ਮੁੰਬਈ-ਬੌਲੀਵੁੱਡ ਅਦਾਕਾਰਾ ਭੂਮੀ ਪੇਡਨੇਕਰ ਦੀਆਂ ਫਿਲਮਾਂ 'ਭੀੜ , ਬਧਾਈ ਦੋ , 'ਗੋਵਿੰਦਾ ਨਾਮ ਮੇਰਾ ਅਤੇ 'ਰਕਸ਼ਾ ਬੰਧਨ ਆਉਣ ਵਾਲੀਆਂ ਹਨ। ਅਦਾਕਾਰਾ ਨੇ ਕਿਹਾ ਕਿ 2015 ਵਿੱਚ ਫ਼ਿਲਮ 'ਦਮ ਲਗਾ ਕੇ ਹਈਸ਼ਾ ਤੋਂ ਹੋਈ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਉਸ ਨੂੰ ਚੰਗੀਆਂ ਕਹਾਣੀਆਂ ਮਿਲੀਆਂ ਹਨ। ਭੂਮੀ ਨੇ ਕਿਹਾ, "ਮੇਰੀਆਂ ਫਿਲਮਾਂ ਤੋਂ ਦਰਸ਼ਕਾਂ ਨੂੰ ਪਰਦੇ ਦਾ ਇਕ ਵਿਲੱਖਣ ਤਜਰਬਾ ਹਾਸਲ ਹੋਵੇਗਾ। ਅਗਲੇ ਸਾਲ ਵੱਡੇ ਪਰਦੇ ਤੇ ਮੇਰੀਆਂ ਪੰਜ ਫਿਲਮਾਂ ਰਿਲੀਜ਼ ਹੋਣਗੀਆਂ, ਜਿਹੜੀਆਂ ਬਹੁਭਾਂਤੀ ਅਤੇ ਇਕ ਤੋਂ ਦੂਜੇ ਤੋਂ ਵੱਖਰੀਆਂ ਹੋਣਗੀਆਂ। ਉਸ ਨੇ ਕਿਹਾ, "ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਚੰਗੀਆਂ ਕਹਾਣੀਆਂ ਮਿਲੀਆਂ ਹਨ ਅਤੇ ਅਗਲੇ ਵਰ੍ਹੇ ਮੈਂ ਆਪਣੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਤੋਂ ਤਿਆਰ ਪੰਜ ਫਿਲਮਾਂ ਦਰਸ਼ਕਾਂ ਸਾਹਮਣੇ ਪੇਸ਼ ਕਰਾਂਗੀ। ਉਸ ਨੇ ਕਿਹਾ ਕਿ ਉਹ ਇਨ੍ਹਾਂ ਫਿਲਮਾਂ ਲਈ ਕਾਫ਼ੀ ਉਤਸ਼ਾਹਿਤ ਹੈ। ਭੂਮੀ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਕੋਵਿਡ-19 ਮਹਾਮਾਰੀ ਨਾਲ ਜੂਝ ਰਹੇ ਸਿਨੇ ਜਗਤ ਲਈ ਇਹ ਇਕ ਚੰਗੀ ਖ਼ਬਰ ਹੈ। ਅਦਾਕਾਰਾ ਨੇ ਕਿਹਾ ਕਿ ਉਸ ਨੂੰ ਭਰੋਸਾ ਸੀ ਕਿ ਲੋਕ ਸਿਨੇਮਾ ਘਰਾਂ ਵਿੱਚ ਵਾਪਸੀ ਕਰਨਗੇ ਅਤੇ ਹੁਣ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ।

## 'ਪਰੀ ਹੂੰ ਮੈਂ' 'ਚ 'ਪਰੀ' ਦੀ ਭੂਮਿਕਾ ਨਿਭਾ ਰਹੀ ਹੈ ਅਸ਼ਨੂਰ ਕੌਰ

ਮੁੰਬਈ-ਅਦਾਕਾਰਾ ਅਸ਼ਨੂਰ ਕੌਰ ਨੇ ਆਪਣੀ ਵੈੱਬ ਸੀਰੀਜ਼ 'ਪਰੀ ਹੂੰ ਮੈਂ ਬਾਰੇ ਗੱਲਬਾਤ ਕੀਤੀ ਹੈ, ਜੋ ਬੀਤੇ ਦਿਨ ਰਿਲੀਜ਼ ਹੋਈ ਸੀ। ਇਸ ਵਿੱਚ ਉਹ 'ਪਰੀ ਦਾ ਮੁੱਖ ਕਿਰਦਾਰ ਨਿਭਾ ਰਹੀ ਹੈ। ਅਸ਼ਨੂਰ ਨੇ ਕਿਹਾ, "ਮੇਰੀਆਂ ਭਾਵਨਾਵਾਂ ਰਲੀਆਂ-ਮਿਲੀਆਂ ਹਨ। ਮੈਂ ਲੰਮੀ ਉਡੀਕ ਦੌਰਾਨ ਘਬਰਾਉਂਦੀ ਰਹੀ, ਪਰ ਮੈਂ ਕਹਾਂਗੀ ਕਿ ਜਦੋਂ ਮੈਂ ਸੀਰੀਜ਼ ਰਿਲੀਜ਼ ਹੋਣ ਦਾ ਐਲਾਨ ਕੀਤਾ ਤਾਂ ਲੋਕਾਂ ਦੀ ਪ੍ਰਤੀਕਿਰਿਆ ਬਹੁਤ ਉਤਸ਼ਾਹਿਤ ਕਰਨ ਵਾਲੀ ਸੀ। ਮੈਂ ਸੱਚਮੁੱਚ ਅੱਗੇ ਦੇਖ ਰਹੀ ਹਾਂ, ਕਿਉਂਕਿ ਅਸੀਂ ਇਸ ਲਈ ਸਖ਼ਤ ਮਿਹਨਤ ਕੀਤੀ ਹੈ। ਇਸ ਦੇ ਰਿਲੀਜ਼ ਹੋਣ ਤੇ ਮੈਨੂੰ ਆਸ ਹੈ ਕਿ ਦਰਸ਼ਕ ਇਸ ਦਾ ਭਰਪੂਰ ਆਨੰਦ ਲੈਣਗੇ। ਅਦਾਕਾਰਾ ਨੇ ਕਿਹਾ ਕਿ ਉਸ ਨੂੰ ਆਪਣੇ ਸਹਿਯੋਗੀ ਅਦਾਕਾਰਾਂ ਨਾਲ ਕੰਮ ਕਰਕੇ ਉਤਸ਼ਾਹ ਤੇ ਆਨੰਦ ਮਿਲਿਆ ਹੈ। ਉਸ ਨੇ ਕਿਹਾ ਕਿ ਸੈੱਟ ਦਾ ਮਾਹੌਲ ਬਹੁਤ ਹੀ ਸੁਖਾਵਾਂ ਸੀ। ਡੇਲਨਾਜ਼ ਤੇ ਜਿਤੇਨ ਬਹੁਤ ਹੀ ਪਿਆਰੇ ਹਨ। ਜ਼ਿਕਰਯੋਗ ਹੈ ਕਿ ਇਹ ਵੈੱਬ ਸੀਰੀਜ਼ ?ਟੀਟੀ ਪਲੇਟਫਾਰਮ 'ਵਾਓ' ਤੇ ਰਿਲੀਜ਼ ਹੋਈ ਹੈ।



MORTGAGE

If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"



Superior Mortgage
Unit 244-8138-128 Street, Surrey
604 507 1000
Our Symbol of Care & Service

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਈਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca

Practice Social Distancing

Please wear a face mask or face covering before entry

# fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

## LOWEST PRICES IN TOWN

ਸ਼ਹਿਰ ਦੇ ਸੱਭ ਤੋਂ ਘੱਟ ਦਾਮ

**Fresh Ginger** ਤਾਜ਼ਾ ਅਦਰਕ — $1.49 lb

**Bartlett Pears** ਬਾਰਟਲੇਟ ਨਾਸ਼ਪਤੀ — 98¢ lb

**Opo Squash** ਓਪੋ ਕੱਦੂ — 79¢ lb

**Daikon** ਮੂਲੀ — 99¢ lb

**Chickpeas 4 lbs Indican** ਇੰਡੀਕੇਨ ਚਿੱਟੇ ਛੋਲੇ — $3.99 bag

Extra Extra Super Special — **Karela** ਕਰੇਲਾ — $1.49 lb

Extra Super Super Special — **Spinach** ਪਾਲਕ — 99¢ bunch

Extra Super Super Special — **Golden Temple Flour 20 lbs** ਗੋਲਡਨ ਟੈਂਪਲ ਆਟਾ — $11.99 bag

Super Special — **Indican Almond Oil 1 L** ਇੰਡੀਕੇਨ ਬਦਾਮ ਦਾ ਤੇਲ — $12.99 bottle

Super Special — **Cilantro** ਧਨੀਆ — 3 bunches for 99¢

Super Special — **Almonds Supreme #1** ਬਦਾਮ ਪ੍ਰੀਮੀਅਮ ਸਾਈਜ਼ ੧ — $4.49 lb

Super Special — **Maggi Masala Noodles 70 g** ਮੈਗੀ ਮਸਾਲਾ ਨੂਡਲਸ — 3 Pkgs. for 99¢

Super Special — **Yellow Onions 50 lbs** ਪੀਲੇ ਗੰਢੇ — $11.98 bag

Super Special — **Russet Potatoes USA #1 Snoboy** ਆਲੂ ਰਸਟ ਸਨੋਬੁਆਏ ਯੂ.ਐਸ.ਏ #੧ — $3.99 bag

**Fiji Squash** ਫਿੱਜੀ ਸਕੁੱਸ਼ — 88¢ lb

**BC Gala Apples** ਬੀਸੀ ਗਾਲਾ ਸੇਬ — 68¢ lb

**Jumbo Cauliflower** ਵੱਡਾ ਗੋਬੀ ਦਾ ਫੁੱਲ — $1.99 ea.

**Large Seedless Oranges** ਵੱਡੇ ਸੰਤਰੇ (ਬਿਨਾਂ ਬੀਜ ਤੋਂ) — 98¢ lb

**Okra** ਭਿੰਡੀ — $2.69 lb

**Green, Red, Yellow & Orange Bell Peppers** ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ) — 98¢ lb

**Punjabi Cookies New Crunch & Indican 2.2 lbs** ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ — $4.99 pkg.

**Green Elaichi (Cardamom) S.G** ਹਰੀ ਇਲਾਇਚੀ (ਐਸ. ਜੀ) — $18.99 lb

**Indican Basmati Rice 8 lbs** ਇੰਡੀਕੇਨ ਬਾਸਮਤੀ ਚੌਲ — $6.98 bag

**Indican Red Lentil Whole 4 lbs** ਇੰਡੀਕੇਨ ਸਾਬਤ ਮਸਰਾਂ ਦੀ ਦਾਲ — $2.99 bag

**Punjabi Pure Cane Sugar (Indican) 8 lbs** ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ — $4.99 bag

Product images may differ from the actual product.

**Fri Nov 19, 2021 - Wed Nov 24, 2021**
We reserve the right to limit the quantities while they last

Head Office: 7676 Anvil Way, Surrey
604-502-0005
www.fruiticana.com

fruiticana SINCE 1994

NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809

BUSINESS HOURS
9AM - 8PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |